Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 135 | 04/10/2025 | www.samajweekly.com | samajweekly | @samajweekly | samajweekly

# ਅਤਿਵਾਦ ਨੂੰ ਸ਼ਹਿ ਦੇਣਾ ਬੰਦ ਨਾ ਕੀਤਾ ਤਾਂ ਨਕਸ਼ੇ ਤੋਂ ਮਿਟ ਜਾਵੇਗਾ ਪਾਕਿ: ਜਨਰਲ ਦਿਵੇਦੀ

## ਥਲ ਸੈਨਾ ਮੁਖੀ ਨੇ ਫ਼ੌਜ ਨੂੰ ਤਿਆਰ ਰਹਿਣ ਲਈ ਕਿਹਾ

**ਅਨੂਪਗੜ੍ਹ/ਜੈਪੁਰ**
ਪਾਕਿਸਤਾਨ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਅੱਜ ਕਿਹਾ ਕਿ ਜੇ ਗੁਆਂਢੀ ਮੁਲਕ ਦੁਨੀਆ ਦੇ ਨਕਸ਼ੇ ’ਤੇ ਆਪਣੀ ਥਾਂ ਕਾਇਮ ਰੱਖਣਾ ਚਾਹੁੰਦਾ ਹੈ ਤਾਂ ਉਹ ਆਪਣੀ ਧਰਤੀ ਤੋਂ ਅਤਿਵਾਦ ਨੂੰ ਸ਼ਹਿ ਦੇਣਾ ਬੰਦ ਕਰ ਦੇਵੇ। ਚੀਫ਼ ਆਫ਼ ਆਰਮੀ ਸਟਾਫ਼ ਨੇ ਕਿਹਾ ਕਿ ‘ਅਪਰੇਸ਼ਨ ਸਿੰਧੂਰ’ ਦੌਰਾਨ ਭਾਰਤ ਨੇ ਸੰਜਮ ਦਿਖਾਇਆ ਸੀ ਪਰ ਜੇ ਭਵਿੱਖ ’ਚ ਫ਼ੌਜੀ ਟਕਰਾਅ ਹੋਇਆ ਤਾਂ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਉਨ੍ਹਾਂ ਭਾਰਤੀ ਜਵਾਨਾਂ ਨੂੰ ਕਾਰਵਾਈ ਲਈ ਤਿਆਰ ਰਹਿਣ ਲਈ ਕਿਹਾ। ਰਾਜਸਥਾਨ ਦੇ ਸ੍ਰੀਗੰਗਾਨਗਰ ਜ਼ਿਲ੍ਹੇ ਦੇ ਅਨੂਪਗੜ੍ਹ ’ਚ ਜਵਾਨਾਂ ਨੂੰ ਸੰਬੋਧਨ ਕਰਦਿਆਂ ਜਨਰਲ ਦਿਵੇਦੀ ਨੇ ਕਿਹਾ, ‘‘ਭਾਰਤ ਇਸ ਸਮੇਂ ਪੂਰੀ ਤਰ੍ਹਾਂ ਤਿਆਰ ਹੈ। ‘ਅਪਰੇਸ਼ਨ ਸਿੰਧੂਰ’ 1.0 ਦੌਰਾਨ ਦਿਖਾਇਆ ਗਿਆ ਸੰਜਮ ਐਤਕੀਂ ਨਹੀਂ ਦਿਖਾਇਆ ਜਾਵੇਗਾ। ਇਸ ਵਾਰ ਅਸੀਂ ਕਦਮ ਅੱਗੇ ਵਧਾਵਾਂਗੇ ਅਤੇ ਇਸ ਢੰਗ ਨਾਲ ਕਾਰਵਾਈ ਕਰਾਂਗੇ ਕਿ ਪਾਕਿਸਤਾਨ ਨੂੰ



ਸੋਚਣ ਲਈ ਮਜਬੂਰ ਹੋਣਾ ਪਵੇਗਾ ਕਿ ਉਹ ਦੁਨੀਆ ਦੇ ਨਕਸ਼ੇ ’ਤੇ ਰਹਿਣਾ ਚਾਹੁੰਦਾ ਹੈ ਜਾਂ ਨਹੀਂ।’’ ਉਨ੍ਹਾਂ ਕਿਹਾ ਕਿ ਜੇ ਪਾਕਿਸਤਾਨ ਦੁਨੀਆ ਦੇ ਨਕਸ਼ੇ ’ਤੇ ਕਾਇਮ ਰਹਿਣਾ ਚਾਹੁੰਦਾ ਹੈ ਤਾਂ ਉਸ ਨੂੰ ਅਤਿਵਾਦ ਨੂੰ ਸ਼ਹਿ ਦੇਣਾ ਬੰਦ ਕਰਨਾ ਪਵੇਗਾ। ਜਨਰਲ ਦਿਵੇਦੀ ਨੇ ਕਿਹਾ ਕਿ ਭਾਰਤ ਨੇ ‘ਅਪਰੇਸ਼ਨ ਸਿੰਧੂਰ’ ਦੌਰਾਨ ਪਾਕਿਸਤਾਨ ’ਚ ਅਤਿਵਾਦੀਆਂ ਦੀਆਂ ਲੁਕਣਗਾਹਾਂ ਦੀ ਮੌਜੂਦੀ ਬਾਰੇ ਦੁਨੀਆ ਨੂੰ ਸਬੂਤ ਦਿੱਤੇ ਸਨ ਅਤੇ ਜੇ ਭਾਰਤ ਨੇ ਅਤਿਵਾਦੀਆਂ ਦੇ ਟਿਕਾਣਿਆਂ ਦਾ ਪਰਦਾਫ਼ਾਸ਼ ਨਾ ਕੀਤਾ ਹੁੰਦਾ ਤਾਂ ਪਾਕਿਸਤਾਨ ਨੇ ਉਨ੍ਹਾਂ ਸਾਰਿਆਂ ਨੂੰ ਲੁਕਾ ਲੈਣਾ ਸੀ। ਥਲ ਸੈਨਾ ਮੁਖੀ ਨੇ ਕਿਹਾ ਕਿ ਭਾਰਤੀ ਫ਼ੌਜ ਨੇ ਪਾਕਿਸਤਾਨ ਅੰਦਰ 9 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ ਜਿਸ ’ਚੋਂ ਸੱਤ ਥਲ ਅਤੇ ਦੋ ਹਵਾਈ ਫ਼ੌਜ ਨੇ ਤਬਾਹ ਕੀਤੇ ਸਨ। ਉਨ੍ਹਾਂ ਕਿਹਾ ਕਿ ਕੌਮਾਂਤਰੀ ਸਰਹੱਦ ’ਤੇ ਵਸੇ ਆਮ ਲੋਕ ਵੀ ਫ਼ੌਜੀ ਹਨ ਅਤੇ ਉਹ ਜੰਗ ’ਚ ਫ਼ੌਜ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਦੇ ਹਨ।

**‘ਅਪਰੇਸ਼ਨ ਸਿੰਧੂਰ’ ਦੌਰਾਨ ਪਾਕਿ ਦੇ 12-13 ਲੜਾਕੂ ਜਹਾਜ਼ ਨੁਕਸਾਨੇ: ਹਵਾਈ ਫ਼ੌਜ ਮੁਖੀ**

ਨਵੀਂ ਦਿੱਲੀ: ਭਾਰਤੀ ਹਵਾਈ ਫ਼ੌਜ ਮੁਖੀ ਏ ਪੀ ਸਿੰਘ ਨੇ ਅੱਜ ਕਿਹਾ ਕਿ ਮਈ ਵਿਚ ‘ਅਪਰੇਸ਼ਨ ਸਿੰਧੂਰ’ ਦੌਰਾਨ ਭਾਰਤ ਵੱਲੋਂ ਕੀਤੇ ਗਏ ਹਮਲਿਆਂ ’ਚ ਪਾਕਿਸਤਾਨ ਦੇ ਐੱਫ-16 ਅਤੇ ਜੇ ਐੱਫ-17 ਜੈੱਟਾਂ ਸਮੇਤ ਘੱਟੋ ਘੱਟ 12-13 ਲੜਾਕੂ ਜਹਾਜ਼ ਤਬਾਹ ਜਾਂ ਨੁਕਸਾਨੇ ਗਏ ਸਨ।

# ‘ਆਈ ਲਵ ਮੋਦੀ’ ਠੀਕ ਹੈ ਪਰ ‘ਆਈ ਲਵ ਮੁਹੰਮਦ’ ਕਹਿਣ ’ਤੇ ਵਿਵਾਦ ਕਿਉਂ: ਓਵਾਇਸੀ

**ਹੈਦਰਾਬਾਦ।** ਏ ਆਈ ਐੱਮ ਆਈ ਐੱਮ ਦੇ ਮੁਖੀ ਅਸਦੁੱਦੀਨ ਓਵਾਇਸੀ ਨੇ ਪੈਗੰਬਰ ਮੁਹੰਮਦ ਪ੍ਰਤੀ ਪਿਆਰ ਜ਼ਾਹਿਰ ਕਰਨ ’ਤੇ ਪਾਬੰਦੀ ਲਾਉਣ ’ਤੇ ਸਵਾਲ ਚੁਕਦਿਆਂ ਸ਼ੁੱਕਰਵਾਰ ਨੂੰ ਕਿਹਾ ਕਿ ਦੇਸ਼ ਵਿੱਚ ‘ਆਈ ਲਵ ਮੋਦੀ’ ਕਹਿਣ ਦੀ ਇਜਾਜ਼ਤ ਹੈ ਪਰ ‘ਆਈ ਲਵ ਮੁਹੰਮਦ’ ਕਹਿਣ ’ਤੇ ਵਿਵਾਦ ਕਿਉਂ ਹੁੰਦਾ ਹੈ। ਓਵਾਇਸੀ ਨੇ ਉੱਤਰ ਪ੍ਰਦੇਸ਼ ’ਚ ਈਦ-ਏ-ਮਿਲਾਦ-ਉਨ-ਨਬੀ ਜਲੂਸ ਦੌਰਾਨ ਕਥਿਤ ਤੌਰ ’ਤੇ ‘ਆਈ ਲਵ ਮੁਹੰਮਦ’ ਲਿਖੇ ਬੋਰਡ ਲਾਉਣ ਕਾਰਨ ਕੁਝ ਵਿਅਕਤੀਆਂ ਖ਼ਿਲਾਫ਼ ਦਰਜ ਕੀਤੇ ਗਏ ਕੇਸ ਦਾ ਜ਼ਿਕਰ ਕਰਦਿਆਂ ਇਹ ਗੱਲ ਕਹੀ। ਲੋਕ ਸਭਾ ਮੈਂਬਰ ਨੇ ਹੈਰਾਨੀ ਜ਼ਾਹਿਰ ਕੀਤੀ ਕਿ ਇਹ ਦੇਸ਼ ਕਿਸ ਦਿਸ਼ਾ ’ਚ ਜਾ ਰਿਹਾ ਹੈ। ਉਨ੍ਹਾਂ ਕਿਹਾ, ‘ਅਸੀਂ ਆਪਣੀ ਮਸਜਿਦ ਵੀ ਜਾਣਾ ਚਾਹੀਏ ਤਾਂ



ਉਹ ਉਸ ਨੂੰ ਖੋਹ ਲੈਣਾ ਚਾਹੁੰਦੇ ਹਨ। ਕੋਈ ਵੀ ਇਹ ਕਹਿ ਸਕਦਾ ਹੈ ਕਿ ‘ਮੈਨੂੰ ਮੋਦੀ ਨਾਲ ਪਿਆਰ ਹੈ,’ ਪਰ ਇਹ ਨਹੀਂ ਕਹਿ ਸਕਦਾ ਕਿ ‘ਮੈਨੂੰ ਮੁਹੰਮਦ ਨਾਲ ਪਿਆਰ ਹੈ।’ ਤੁਸੀਂ ਦੇਸ਼ ਨੂੰ ਕਿਸ ਦਿਸ਼ਾ ’ਚ ਲਿਜਾਣ ਦੀ ਯੋਜਨਾ ਬਣਾ ਰਹੇ ਹੋ?’

# ਕੇਂਦਰ ਵੱਲੋਂ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੱਫ ਸਿਰਪ ਨਾ ਦੇਣ ਦੀ ਸਲਾਹ

**ਨਵੀਂ ਦਿੱਲੀ।** ਕੇਂਦਰ ਸਰਕਾਰ ਨੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇੱਕ ਐਡਵਾਈਜ਼ਰੀ ਜਾਰੀ ਕਰਕੇ ਨਿਰਦੇਸ਼ ਦਿੱਤਾ ਹੈ ਕਿ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਖੰਘ ਤੇ ਸਰਦੀ ਦੀਆਂ ਦਵਾਈਆਂ ਨਾ ਦਿੱਤੀਆਂ ਜਾਣ। ਸਿਹਤ ਸੇਵਾ ਡਾਇਰੈਕਟੋਰੇਟ ਜਨਰਲ (ਡੀ ਜੀ ਐੱਚ ਐੱਸ) ਵੱਲੋਂ ਜਾਰੀ ਇਹ ਐਡਵਾਇਜ਼ਰੀ ਮੱਧ ਪ੍ਰਦੇਸ਼ ’ਚ ਕਥਿਤ ਤੌਰ ’ਤੇ ਮਿਲਾਵਟੀ ਕੱਫ ਸਿਰਪ (ਚੋਗਹ ਸੇਰੁਪ) ਕਾਰਨ ਬੱਚਿਆਂ ਦੀ ਮੌਤ ਦੀ ਖ਼ਬਰਾਂ ਵਿਚਾਲੇ ਆਈ ਹੈ। ਇਸੇ ਵਿਚਾਲੇ ਕੇਂਦਰੀ ਸਿਹਤ ਮੰਤਰਾਲੇ ਨੇ ਪਾਇਆ ਕਿ ਮੱਧ ਪ੍ਰਦੇਸ਼ ’ਚ ਜਾਂਚ ਲਈ ਲਏ ਗਏ ਕਿਸੇ ਵੀ ਸਿਰਪ ਦੇ ਨਮੂਨੇ ’ਚ ਡਾਇਥਿਲੀਨ ਗਲਾਈਕੋਲ (ਡੀ ਈ ਜੀ) ਜਾਂ ਐਥੀਲੀਨ ਗਲਾਈਕੋਲ (ਈ ਜੀ) ਨਹੀਂ ਸੀ। ਇਨ੍ਹਾਂ ਦੋਵਾਂ ਤੱਤਾਂ ਕਾਰਨ ਕਿਡਨੀ ਨੂੰ ਗੰਭੀਰ ਨੁਕਸਾਨ ਪਹੁੰਚਦਾ ਹੈ। ਸਿਹਤ ਮੰਤਰਾਲੇ ਅਧੀਨ ਆਉਂਦੇ ਡੀ ਜੀ ਐੱਚ ਐੱਸ ਨੇ ਐਡਵਾਈਜ਼ਰੀ ’ਚ ਕਿਹਾ ਕਿ ਆਮ ਤੌਰ ’ਤੇ ਪੰਜ



ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੱਫ ਸਿਰਪ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ। ਇਸ ’ਚ ਕਿਹਾ ਗਿਆ ਹੈ ਕਿ ਬਿਰਧ ਲੋਕਾਂ ਲਈ ਇਸ ਦੀ ਵਰਤੋਂ ਸਾਵਧਾਨੀ ਨਾਲ ਤੇ ਢੁੱਕਵੀਂ ਨਿਗਰਾਨੀ ਨਾਲ ਕੀਤੀ ਜਾਣੀ ਚਾਹੀਦੀ ਹੈ।

# ਪਰਾਲੀ ਸਾੜਨ ਦੇ ਮਾਮਲੇ ’ਚ ਸਖ਼ਤ ਕਾਨੂੰਨੀ ਕਾਰਵਾਈ ਦੇ ਹੁਕਮ

**ਨਵੀਂ ਦਿੱਲੀ।** ਆਉਂਦੇ ਹਫ਼ਤਿਆਂ ’ਚ ਹਵਾ ਗੁਣਵੱਤਾ ਖ਼ਰਾਬ ਹੋਣ ਦੇ ਖ਼ਦਸ਼ੇ ਦੇ ਮੱਦੇਨਜ਼ਰ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐੱਮ) ਨੇ ਪਰਾਲੀ ਸਾੜਨ ’ਤੇ ਰੋਕ ਲਗਾਉਣ ’ਚ ਨਾਕਾਮ ਰਹਿਣ ਵਾਲੇ ਸਰਕਾਰੀ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਲਈ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਦਿੱਲੀ ਦੇ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਅਧਿਕਾਰ ਦਿੱਤੇ ਹਨ। ਨਵੇਂ ਨਿਰਦੇਸ਼ ਪਹਿਲੀ ਅਕਤੂਬਰ ਨੂੰ ਜਾਰੀ ਕੀਤੇ ਗਏ ਹਨ। ਪੰਜਾਬ ਅਤੇ ਹਰਿਆਣਾ ’ਚ ਪਰਾਲੀ ਸਾੜਨ ਅਤੇ ਹੋਰ ਕਾਰਨਾਂ ਕਰਕੇ ਦਿੱਲੀ ਤੇ ਗੁਆਂਢੀ ਸੂਬਿਆਂ ’ਚ ਸਰਦੀਆਂ ਦੌਰਾਨ ਹਵਾ ਪ੍ਰਦੂਸ਼ਣ ਫੈਲ ਜਾਂਦਾ ਹੈ। ਪਹਿਲਾਂ ਜ਼ਿਲ੍ਹਿਆਂ ਦੇ ਮੁਖੀਆਂ ਵੱਲੋਂ ਜੁਡੀਸ਼ਲ ਮੈਜਿਸਟਰੇਟਾਂ ਅੱਗੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਸ਼ਿਕਾਇਤ ਕੀਤੀ ਜਾਂਦੀ ਸੀ ਪਰ 10 ਅਕਤੂਬਰ, 2024 ਦੇ ਹੁਕਮਾਂ ’ਚ ਸੋਧ ਕਰਕੇ ਅਣਗਹਿਲੀ ਵਰਤਣ ਵਾਲੇ



ਅਧਿਕਾਰੀਆਂ ਖ਼ਿਲਾਫ਼ ਸਬੰਧਤ ਡਿਪਟੀ ਕਮਿਸ਼ਨਰ, ਜ਼ਿਲ੍ਹਾ ਕੁਲੈਕਟਰ ਅਤੇ ਜ਼ਿਲ੍ਹਾ ਮੈਜਿਸਟਰੇਟ ਸ਼ਿਕਾਇਤ ਕਰ ਸਕਣਗੇ। ਇਹ ਕਦਮ ਉਸ ਸਮੇਂ ਚੁੱਕਿਆ ਗਿਆ ਹੈ ਜਦੋਂ 17 ਸਤੰਬਰ ਨੂੰ ਸੁਪਰੀਮ ਕੋਰਟ ਨੇ ਪਰਾਲੀ ਸਾੜਨ ਤੋਂ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ’ਤੇ ਆਪਣੀ ਨਾਰਾਜ਼ਗੀ ਜਤਾਉਂਦਿਆਂ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦਾ ਸੁਝਾਅ ਦਿੱਤਾ ਸੀ। ਅਦਾਲਤ ਵੱਲੋਂ ਇਸ ਮਾਮਲੇ ’ਤੇ 8 ਅਕਤੂਬਰ ਨੂੰ ਸੁਣਵਾਈ ਕੀਤੀ ਜਾਵੇਗੀ। ਵਾਰ-ਵਾਰ ਜਾਰੀ ਕੀਤੇ ਗਏ ਨਿਰਦੇਸ਼ਾਂ ਦੇ ਬਾਵਜੂਦ ਉੱਤਰੀ ਭਾਰਤ ’ਚ ਪਰਾਲੀ ਸਾੜਨ ਦੀਆਂ ਘਟਨਾਵਾਂ ਲਗਾਤਾਰ ਜਾਰੀ ਹਨ। ਉਂਝ ਪਿਛਲੇ ਕੁਝ ਸਾਲਾਂ ਤੋਂ ਪਰਾਲੀ ਸਾੜਨ ਦੀਆਂ ਘਟਨਾਵਾਂ ’ਚ ਕਮੀ ਆਈ ਹੈ। ਸੀ ਏ ਕਿਊ ਐੱਮ ਨੇ ਕਿਹਾ ਕਿ ਪਰਾਲੀ ਸਾੜਨ ’ਤੇ ਪਹਿਲਾਂ ਹੀ ਪਾਬੰਦੀ ਹੈ ਅਤੇ ਇਹ ਹੁਕਮ ਲਾਗੂ ਕਰਾਉਣ ਲਈ ਅਧਿਕਾਰੀਆਂ ਦੀ ਜਵਾਬਦੇਹੀ ਵੀ ਤੈਅ ਹੋਣੀ ਚਾਹੀਦੀ ਹੈ। ਨਵੇਂ ਨਿਰਦੇਸ਼ਾਂ ’ਤੇ ਦਸਤਖ਼ਤ ਕਰਨ ਵਾਲੇ ਕਮਿਸ਼ਨ ਦੇ ਮੈਂਬਰ ਡਾਕਟਰ ਵਰਿੰਦਰ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਲਗਾਤਾਰ ਚੌਕਸ ਰਹਿਣਾ ਹੋਵੇਗਾ ਅਤੇ ਖੇਤਾਂ ’ਚ ਲਾਈਆਂ ਜਾਣ ਵਾਲੀਆਂ ਅੱਗਾਂ ’ਤੇ ਮੁਕੰਮਲ ਤੌਰ ’ਤੇ ਖਾਤਮਾ ਯਕੀਨੀ ਬਣਾਉਣਾ ਪਵੇਗਾ।

# ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸੰਸਦੀ ਸਥਾਈ ਕਮੇਟੀ ਦੇ ਬਣੇ ਚੇਅਰਮੈਨ

**ਚੰਡੀਗੜ੍ਹ।** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੂੰ ਇੱਕ ਵਾਰ ਫਿਰ ਵੱਡੀ ਜ਼ਿੰਮੇਵਾਰੀ ਮਿਲੀ ਹੈ। ਉਨ੍ਹਾਂ ਨੂੰ ਖੇਤੀਬਾੜੀ, ਪਸ਼ੂ ਪਾਲਣ ਅਤੇ ਫੂਡ ਪ੍ਰੋਸੈਸਿੰਗ ਬਾਰੇ ਸੰਸਦੀ ਸਥਾਈ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਹ ਇਸ ਮਹੱਤਵਪੂਰਨ ਅਹੁਦੇ 'ਤੇ ਉਨ੍ਹਾਂ ਦੀ ਦੂਜੀ ਨਿਯੁਕਤੀ ਹੈ।ਚੰਨੀ ਨੂੰ ਇਹ ਜ਼ਿੰਮੇਵਾਰੀ ਉਨ੍ਹਾਂ ਦੇ ਪਿਛਲੇ ਕਾਰਜਕਾਲ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹੱਕ ਵਿੱਚ ਦਿੱਤੀਆਂ ਗਈਆਂ



ਰਿਪੋਰਟਾਂ ਅਤੇ ਸਿਫਾਰਸ਼ਾਂ ਦੇ ਆਧਾਰ 'ਤੇ ਦਿੱਤੀ ਗਈ ਹੈ।

# ਖ਼ਤਰੇ ਦੀ ਘੰਟੀ: ਅੱਜ ਮੁੜ ਖੁੱਲ੍ਹਣਗੇ ਭਾਖੜਾ ਤੇ ਪੌਂਗ ਡੈਮ ਦੇ ਫਲੱਡ ਗੇਟ

**ਚੰਡੀਗੜ੍ਹ।** ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਮੌਸਮ ਵਿਭਾਗ ਦੀ ਚਿਤਾਵਨੀ ਦੇ ਮੱਦੇਨਜ਼ਰ ਸ਼ਨਿਚਰਵਾਰ ਦੁਪਹਿਰ 12 ਵਜੇ ਤੋਂ ਭਾਖੜਾ ਅਤੇ ਪੌਂਗ ਡੈਮ ਦੇ ਫਲੱਡ ਗੇਟ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ। ਭਿਆਨਕ ਹੜ੍ਹਾਂ ਦੀ ਮਾਰ ’ਚੋਂ ਉੱਭਰ ਰਹੇ ਪੰਜਾਬ ਨੂੰ ਮੁੜ ਹੜ੍ਹਾਂ ਦਾ ਖ਼ੌਫ਼ ਸਤਾਉਣ ਲੱਗ ਪਿਆ ਹੈ। ਸਰਕਾਰ ਨੇ ਨਵੀਂ ਬਿਪਤਾ ਨੂੰ ਦੇਖਦਿਆਂ ਸੂਬੇ ਦੇ 17 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਅਲਰਟ ਕਰ ਦਿੱਤਾ ਹੈ। ਰਣਜੀਤ ਸਾਗਰ ਡੈਮ ਤੋਂ ਪਹਿਲਾਂ ਹੀ ਦੋ ਦਿਨਾਂ ਤੋਂ ਪਾਣੀ ਛੱਡਿਆ ਜਾ ਰਿਹਾ ਹੈ ਅਤੇ ਰਾਵੀ ’ਚ ਅੱਜ 35 ਹਜ਼ਾਰ ਕਿਊਸਕ ਪਾਣੀ ਵਹਿ ਰਿਹਾ ਹੈ। ਡੈਮਾਂ ’ਚੋਂ ਪਾਣੀ ਛੱਡੇ ਜਾਣ ਕਾਰਨ ਦਰਿਆਵਾਂ ’ਚ ਪਾਣੀ ਦਾ ਪੱਧਰ ਮੁੜ ਵਧਣਾ ਸ਼ੁਰੂ ਹੋ ਜਾਵੇਗਾ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਨਵੇਂ ਹਾਲਾਤ ਨੂੰ ਦੇਖਦਿਆਂ ਅੱਜ ਤਕਨੀਕੀ ਕਮੇਟੀ ਦੀ ਐਮਰਜੈਂਸੀ ਮੀਟਿੰਗ ਕੀਤੀ ਜਿਸ ’ਚ 6-7 ਅਕਤੂਬਰ ਨੂੰ ਭਾਰੀ ਮੀਂਹ ਦੀ ਸੰਭਾਵਨਾ ਦੇ ਮੱਦੇਨਜ਼ਰ ਭਾਖੜਾ ਤੇ ਪੌਂਗ ਡੈਮ ਦੇ ਫਲੱਡ ਗੇਟ ਖੋਲ੍ਹੇ ਜਾਣ ਨੂੰ ਹਰੀ ਝੰਡੀ ਦਿੱਤੀ ਗਈ। ਸ਼ਨਿਚਰਵਾਰ



ਦੁਪਹਿਰ 12 ਵਜੇ ਭਾਖੜਾ ਡੈਮ ਤੋਂ 43 ਹਜ਼ਾਰ ਕਿਊਸਕ ਪਾਣੀ ਛੱਡਿਆ ਜਾਵੇਗਾ। ਇਸੇ ਤਰ੍ਹਾਂ ਪੌਂਗ ਡੈਮ ਤੋਂ ਅੱਜ 17,173 ਕਿਊਸਕ ਪਾਣੀ ਛੱਡਿਆ ਗਿਆ। ਬੀ ਬੀ ਐੱਮ ਬੀ ਵੱਲੋਂ ਪੌਂਗ ਡੈਮ ਤੋਂ ਸ਼ਨਿਚਰਵਾਰ ਨੂੰ ਦੁਪਹਿਰ 12 ਵਜੇ ਕੁੱਲ 50 ਹਜ਼ਾਰ ਕਿਊਸਕ ਪਾਣੀ ਛੱਡਿਆ ਜਾਵੇਗਾ। ਪੌਂਗ ਡੈਮ ਦੇ ਫਲੱਡ ਗੇਟਾਂ ਜ਼ਰੀਏ 32 ਹਜ਼ਾਰ ਕਿਊਸਕ ਪਾਣੀ ਛੱਡਿਆ ਜਾਵੇਗਾ। ਪਾਣੀ ਛੱਡੇ ਜਾਣ ਨਾਲ ਬਿਆਸ ਦਰਿਆ ’ਚ ਪਾਣੀ ਦਾ ਪੱਧਰ ਵਧੇਗਾ। ਰਾਵੀ ਦਰਿਆ ਦੀ ਤਬਾਹੀ ’ਚੋਂ ਪਹਿਲਾਂ ਹੀ ਲੋਕ ਨਹੀਂ ਉੱਭਰੇ ਹਨ ਕਿ ਹੁਣ ਮੁੜ ਕਰੀਬ 22 ਖੱਡਾਂ ਦਾ ਪਾਣੀ ਰਾਵੀ ’ਚ ਆਉਣ ਦਾ ਖ਼ਦਸ਼ਾ ਬਣ ਗਿਆ ਹੈ। ਦਰਿਆਵਾਂ ਲਾਗਲੇ ਪਿੰਡਾਂ ਦੇ ਲੋਕਾਂ ਨੂੰ ਭਾਰੀ ਮੀਂਹ ਆਉਣ ਦੀ ਸੂਰਤ ’ਚ ਮੁੜ ਉਜਾੜਾ ਝੱਲਣਾ ਪੈ ਸਕਦਾ ਹੈ। ਮੌਸਮ ਵਿਭਾਗ ਦੀ ਭਵਿੱਖਬਾਣੀ ਅਨੁਸਾਰ 4 ਅਕਤੂਬਰ ਨੂੰ ਦੇਰ ਸ਼ਾਮ ਬਾਰਸ਼ ਹੋਣ ਦੀ ਸੰਭਾਵਨਾ ਹੈ ਅਤੇ 6-7 ਅਕਤੂਬਰ ਨੂੰ ਬਹੁਤ ਭਾਰੀ ਬਾਰਸ਼ ਹੋਣ ਦਾ ਅਨੁਮਾਨ ਹੈ। ਦੱਸਿਆ ਜਾ ਰਿਹਾ ਹੈ ਕਿ ਭਵਿੱਖਬਾਣੀ ਸੱਚ ਹੋਈ ਤਾਂ ਅਕਤੂਬਰ ਦੇ ਪਹਿਲੇ ਹਫ਼ਤੇ ’ਚ ਪੈਣ ਵਾਲਾ ਮੀਂਹ ਦਹਾਕਿਆਂ ਪੁਰ-ਾਣੇ ਰਿਕਾਰਡ ਤੋੜ ਦੇਵੇਗਾ। ਪੰਜਾਬ ਸਰਕਾਰ ਨੇ ਹੜ੍ਹਾਂ ਦੀ ਚਿਤਾਵਨੀ ਦੇ ਮੱਦੇਨਜ਼ਰ ਜਲੰਧਰ, ਕਪੂਰਥਲਾ, ਪਟਿਆਲਾ, ਲੁਧਿਆਣਾ, ਫ਼ਿਰੋਜ਼ਪੁਰ, ਫ਼ਰੀਦਕੋਟ, ਫ਼ਤਿਹਗੜ੍ਹ ਸਾਹਿਬ, ਮਾਨਸਾ, ਨਵਾਂ ਸ਼ਹਿਰ, ਮੋਗਾ, ਮੁਕਤਸਰ, ਬਰਨਾਲਾ, ਫ਼ਾਜ਼ਿਲਕਾ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ ਅਤੇ ਪਠਾਨਕੋਟ ਨੂੰ ਅਲਰਟ ਕਰ ਦਿੱਤਾ ਹੈ।


Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਬਰਨਾਲਾ ਵਿਚ ਦੁਸਹਿਰਾ ਦੇਖਣ ਗਏ ਨੌਜਵਾਨ ਦਾ ਬੇਰਹਿਮੀ ਨਾਲ ਕਤਲ

**ਬਰਨਾਲਾ।** ਬਰਨਾਲਾ ਵਿਚ ਦੁਸਹਿਰਾ ਦੇਖਣ ਗਏ ਇੱਕ ਨੌਜਵਾਨ ਦੇ ਬੇਰਹਿਮੀ ਨਾਲ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਹਿਚਾਣ 27 ਸਾਲ ਦੇ ਹੀਰਾ ਸਿੰਘ ਪੁੱਤਰ ਭੋਲਾ ਸਿੰਘ, ਵਾਸੀ ਗਰਚਾ ਰੋਡ, ਬਰਨਾਲਾ ਵਜੋਂ ਹੋਈ ਹੈ। ਇਸ ਮੌਕੇ ਮ੍ਰਿਤਕ ਹੀਰਾ ਸਿੰਘ ਦੇ ਪਿਤਾ ਭੋਲਾ ਸਿੰਘ, ਪਤਨੀ ਰੀਟਾ, ਮਾਤਾ ਹਰਬੰਸ ਕੌਰ, ਚਾਚਾ ਹਰਜੀਤ ਸਿੰਘ ਅਤੇ ਨਿਰਮਲ ਸਿੰਘ ਪਰਿਵਾਰਕ ਮੈਂਬਰਾਂ ਨੇ ਰੋਂਦੇ ਕਰਵਾਉਂਦੇ ਜਾਣਕਾਰੀ ਦਿੰਦੇ ਦਸਿਆ ਕਿ ਕੱਲ ਦੁਸ਼ਹਿਰੇ ਮੌਕੇ ਮ੍ਰਿਤਕ ਹੀਰਾ ਸਿੰਘ ਸ਼ਹਿਰਾ ਦੇਖਣ ਗਿਆ ਸੀ ਪਰ ਦੁਸ਼ਹਿਰੇ ਵਿੱਚ ਦੋ ਧਿਰਾਂ ਦੀ ਆਪਸੀ ਲੜਾਈ ਝਗੜਾ ਹੋ ਰਿਹਾ ਸੀ। ਜਿਸ ਵਿਚ ਉਹਨਾਂ ਦਾ ਪੁੱਤਰ ਹੀਰਾ ਸਿੰਘ ਬੇਵਜਾਹ ਕਤਲ ਦਾ ਸ਼ਿਕਾਰ ਹੋ ਗਿਆ। ਉਹਨਾਂ ਦੱਸਿਆ ਕਿ ਦੁਸਹਿਰੇ ਵਿੱਚ ਹੀਰਾ ਸਿੰਘ ਦਾ ਕਿਸੇ ਨਾਲ ਵੀ ਕੋਈ ਲੜਾਈ ਝਗੜਾ ਨਹੀਂ ਸੀ। ਪਰ ਕੁਛ ਕਾਤਲਾਂ ਨੇ ਉਹਨਾਂ ਦੇ ਪੁੱਤ ਦਾ ਕਿਰਚ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਉਹਨਾਂ ਮੰਗ ਕਰਦੇ ਕਿਹਾ ਕਿ ਮ੍ਰਿਤਕ ਹੀਰਾ ਸਿੰਘ ਗਰੀਬ ਪਰਿਵਾਰ ਨਾਲ ਸੰਬੰਧਿਤ ਨੌਜਵਾਨ ਸੀ, ਵੈਲਡਿੰਗ ਦਾ ਕੰਮ ਕਰ ਕੇ ਆਪਣੇ ਪਰਵਾਰ ਦਾ ਗੁਜ਼ਾਰਾ ਕਰ ਰਿਹਾ ਸੀ। ਮ੍ਰਿਤਕ ਆਪਣੇ ਪਿੱਛੇ ਰੋਂਦੇ ਕੁਰਲਾਉਂਦੇ ਆਪਣੇ ਪਿੱਛੇ ਆਪਣੇ ਨੌ ਮਹੀਨਿਆਂ ਦੀ ਧੀ, ਪਤਨੀ, ਮਾਤਾ, ਪਿਤਾ ਛੱਡ ਗਿਆ । ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਨੇ ਕਾਤਲਾਂ ਵਿਰੁਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕਰਦੇ ਕਿਹਾ ਕਿ ਕਾਤਲਾਂ ਨੂੰ ਸਖਤ ਤੋਂ ਸਖਤ ਫਾਂਸੀ ਦੀ ਸਜ਼ਾ ਦਿੱਤੀ ਜਾਵੇ। ਤਾਂ ਜੋ ਉਹਨਾਂ ਨੂੰ ਇਨਸਾਫ਼ ਮਿਲ ਸਕੇ। ਉਹਨਾਂ ਪੁਲਿਸ ਪ੍ਰਸ਼ਾਸਨ ਤੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਵੀ ਸਵਾਲ ਚੁੱਕਿਆ ਹਨ। ਪਰਵਾਰ ਮੈਂਬਰਾਂ ਵਲੋਂ ਇਕਲੋਤੇ ਕਮਾਉ ਹੀਰਾ ਸਿੰਘ ਦੀ ਮੌਤ ਤੋਂ ਬਾਅਦ ਪਰਵਾਰ ਨੂੰ ਪੰਜਾਬ ਸਰਕਾਰ ਤੋਂ ਆਰਥਿਕ ਮੁਆਵਜ਼ਾ ਰਾਸ਼ੀ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਵੀ ਮੰਗ ਕੀਤੀ ਹੈ। ਤਾਂ ਜੋ ਬਾਕੀ ਰਹਿੰਦੇ ਪਰਵਾਰ ਦਾ ਗੁਜ਼ਾਰਾ ਹੋ ਸਕੇ। ਦੂਸਰੇ ਪਾਸੇ ਪੁਲਿਸ ਨੇ ਇਸ ਮਾਮਲੇ ਵਿੱਚ ਪਰਿਵਾਰਿਕ ਮੈਂਬਰਾਂ ਦੇ ਬਿਆਨ ਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿਤੀ।




## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜ਼ੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਉਤਸਵ ਦੇ ਸਬੰਧ 'ਚ 6 ਤੇ 7 ਅਕਤੂਬਰ ਨੂੰ ਮੀਟ ਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ

**ਜਲੰਧਰ।** ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਉਤਸਵ ਦੇ ਸਬੰਧ ਵਿੱਚ ਮਿਤੀ 06.10.2025 ਅਤੇ ਮਿਤੀ 07.10.2025 ਨੂੰ ਸ਼ਹਿਰ ਵਿੱਚ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਦੇ ਰਸਤੇ ਅਤੇ ਪ੍ਰਗਟ ਉਤਸਵ ਸਬੰਧੀ ਧਾਰਮਿਕ ਸਮਾਗਮ ਵਾਲੀ ਜਗ੍ਹਾ ਦੇ ਨੇੜੇ ਮੀਟ ਅਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।

ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਉਤਸਵ ਸਬੰਧੀ 6 ਅਕਤੂਬਰ ਨੂੰ ਦੁਪਹਿਰ 2 ਵਜੇ ਤੋਂ ਬਾਅਦ ਸਕੂਲਾਂ, ਕਾਲਜਾਂ ਤੇ ਆਈ.ਟੀ.ਆਈਜ਼ 'ਚ ਛੁੱਟੀ ਦਾ ਐਲਾਨ

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ ਭਗਵਾਨ ਵਾਲਮੀਕਿ ਜੀ ਮਹਾਰਾਜ ਦੇ ਪ੍ਰਗਟ ਉਤਸਵ ਦੇ ਸਬੰਧ ਵਿੱਚ ਜਲੰਧਰ ਸ਼ਹਿਰ ਵਿੱਚ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੇ ਮੱਦੇਨਜ਼ਰ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਮਿਤੀ 06.10.2025 ਨੂੰ 2 ਵਜੇ ਦੁਪਹਿਰ ਤੋਂ ਬਾਅਦ ਜਲੰਧਰ ਮਿਊਂਸੀਪਲ ਕਾਰਪੋਰੇਸ਼ਨ ਦੀ ਹੱਦ ਵਿੱਚ ਸਥਿਤ ਸਕੂਲ, ਕਾਲਜ ਅਤੇ ਆਈ.ਟੀ.ਆਈਜ਼ (ਸਰਕਾਰੀ ਅਤੇ ਪ੍ਰਾਈਵੇਟ ਦੋਵੇਂ) ਵਿੱਚ ਛੁੱਟੀ ਦੇ ਹੁਕਮ ਜਾਰੀ ਕੀਤੇ ਗਏ ਹਨ।

ਕਪੂਰਥਲਾ ਤੇ ਫਗਵਾੜਾ ਵਿਖੇ ਸ਼ੋਭਾ ਯਾਤਰਾ ਦੇ ਰੂਟ 'ਤੇ ਮੀਟ/ਮੱਛੀ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ



ਜ਼ਿਲਾ ਮੈਜਿਸਟਰੇਟ ਕਪੂਰਥਲਾ ਸ਼੍ਰੀ ਅਮਿਤ ਕੁਮਾਰ ਪੰਚਾਲ ਵੱਲੋਂ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦੇ ਹੋਏ 04-10-2025 ਨੂੰ ਸਬ ਡਵੀਜਨ ਕਪੂਰਥਲਾ ਅਤੇ ਮਿਤੀ 06-10-2025 ਨੂੰ ਸਬ ਡਵੀਜਨ ਫਗਵਾੜਾ ਵਿਖੇ ਸ਼ੋਭਾਯਾਤਰਾ ਦੌਰਾਨ ਸ਼ੋਭਾਯਾਤਰਾ ਦੇ ਰੂਟ 'ਤੇ ਮੀਟ/ਮੱਛੀ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਦਾ ਪ੍ਰਕਾਸ਼ ਉਤਸਵ ਮਿਤੀ 07-10-2025 ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਵੱਖ-ਵੱਖ ਜੱਥੇਬੰਦੀਆਂ ਵੱਲੋਂ ਸਬ ਡਵੀਜਨ ਕਪੂਰਥਲਾ ਵਿੱਚ ਮਿਤੀ 04-10-2025 ਨੂੰ ਅਤੇ ਸਬ ਡਵੀਜਨ ਫਗਵਾੜਾ ਵਿੱਚ ਮਿਤੀ 06-10-2025 ਨੂੰ ਸ਼ੋਭਾਯਾਤਰਾ ਸਜਾਈਆਂ ਜਾਣੀਆਂ ਹਨ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ,ਅਮਨ ਅਤੇ ਕਾਨੂੰਨ ਦੀ ਸਥਿਤੀ ਬਹਾਲ ਰੱਖਣ ਲਈ ਸਬ ਡਵੀਜਨ ਕਪੂਰਥਲਾ ਅਤੇ ਫਗਵਾੜਾ ਵਿੱਚ ਸ਼ੋਭਾਯਾਤਰਾ ਦੌਰਾਨ ਸੋਭਾਯਾਤਰਾ ਦੇ ਰੂਟ 'ਤੇ ਪੈਂਦੀਆਂ ਮੀਟ/ਮੱਛੀ ਅਤੇ ਸਰਾਬ ਦੀਆਂ ਸਾਰੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਦਿੱਤੇ ਗਏ।

# ਆਸ਼ਾ ਵਰਕਰਾਂ ਨੂੰ ਮਿਲੇਗੀ ਜਣੇਪਾ ਛੁੱਟੀ; ਨੋਟੀਫ਼ਿਕੇਸ਼ਨ ਹੋਇਆ ਜਾਰੀ



**ਚੰਡੀਗੜ੍ਹ।** ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੱਖ-ਵੱਖ ਵਿਭਾਗਾਂ ਤੇ ਅਦਾਰਿਆਂ ਨਾਲ ਸਬੰਧਿਤ ਪੰਜ ਕਰਮਚਾਰੀ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਚੀਮਾ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਨੇ ਅੱਜ 'ਮੈਟਰਨਿਟੀ ਬੈਨੀਫਿਟਸ ਐਕਟ, 1961' ਦੇ ਅਨੁਸਾਰ ਆਸ਼ਾ ਅਤੇ ਆਸ਼ਾ ਫੈਸੀਲੀਟੇਟਰਾਂ ਨੂੰ ਜਣੇਪਾ ਛੁੱਟੀ ਦਾ ਲਾਭ ਦੇਣ ਲਈ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ।

ਛੁੱਟੀ ਦੌਰਾਨ ਦਿੱਤਾ ਜਾਵੇਗਾ ਮਾਣਭੱਤਾ : ਚੀਮਾ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਨਵੇਂ ਨੋਟੀਫ਼ਿਕੇਸ਼ਨ ਅਨੁਸਾਰ ਆਸ਼ਾ ਅਤੇ ਆਸ਼ਾ ਫੈਸੀਲੀਟੇਟਰ ਜਣੇਪਾ ਛੁੱਟੀ ਦੌਰਾਨ ਨਿਸ਼ਚਿਤ ਮਾਸਿਕ ਮਾਣਭੱਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਸ ਤੋਂ ਇਲਾਵਾ 'ਮੈਟਰਨਿਟੀ ਬੈਨੀਫਿਟਸ ਐਕਟ, 1961' ਵਿੱਚ ਭਵਿੱਖ ਵਿੱਚ ਹੋਣ ਵਾਲੀਆਂ ਸਾਰੀਆਂ ਸੋਧਾਂ ਵੀ ਉਨ੍ਹਾਂ 'ਤੇ ਲਾਗੂ ਹੋਣਗੀਆਂ। ਯੂਨੀਅਨ ਨੇ ਇਸ ਨੋਟੀਫ਼ਿਕੇਸ਼ਨ ਲਈ ਵਿੱਤ ਮੰਤਰੀ ਦਾ ਧੰਨਵਾਦ ਵੀ ਕੀਤਾ।

ਜਾਇਜ਼ ਮੰਗਾਂ ਦਾ ਜਲਦ ਕਰਾਂਗੇ ਹੱਲ: ਚੀਮਾ

ਇਸੇ ਤਰ੍ਹਾਂ ਵਿੱਤ ਮੰਤਰੀ ਨੇ ਅੱਜ ਇੱਥੇ ਜੰਗਲਾਤ ਵਰਕਰਜ਼ ਯੂਨੀਅਨ, ਆਸ਼ਾ ਵਰਕਰ ਤੇ ਫੈਸੀਲੀਟੇਟਰ ਨਿਰੋਲ ਯੂਨੀਅਨ, ਆਦਰਸ਼ ਸਕੂਲ ਟੀਚਿੰਗ ਨਾਨ-ਟੀਚਿੰਗ ਮੁਲਜ਼ਮ ਯੂਨੀਅਨ, ਈ.ਟੀ.ਟੀ. ਟੀ.ਈ.ਟੀ. ਪਾਸ ਅਧਿਆਪਨ ਐਸੋਸੀਏਸ਼ਨ (ਜੈ ਸਿੰਘ ਵਾਲਾ), ਅਤੇ ਬੇਰੁਜ਼ਗਾਰ ਪੀ.ਐੱਸ.ਟੀ.ਈ.ਟੀ. ਪਾਸ ਆਰਟ ਐਂਡ ਕਰਾਫ਼ਟ ਸੰਘਰਸ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ।



# ਬੈਲਰਾਂ ਦੀ ਲੁੱਟ ਤੇ ਮਹਿਤਪੁਰ ਤੋਂ ਤਲਵਣ ਰੋਡ ਦੀ ਰਿਪੇਅਰ ਨੂੰ ਲੈ ਕੇ ਬੀਕੇਯੂ ਪੰਜਾਬ ਵੱਲੋਂ ਮੰਗ ਪੱਤਰ ਸੌਂਪਿਆ

## ਪਰਾਲੀ ਨੂੰ ਅੱਗ ਲਗੀ ਤਾ ਬੈਲਰ ਮਾਲਕ ਤੇ ਪ੍ਰਸ਼ਾਸਨ ਹੋਵੇਗਾ ਜ਼ਿੰਮੇਵਾਰ – ਗੋਬਿੰਦ ਪੁਰ

**ਮਹਿਤਪੁਰ, (ਹਰਜਿੰਦਰ ਸਿੰਘ ਚੰਦੀ)–** ਬੀਕੇਯੂ ਪੰਜਾਬ ਦੀ ਇਕਾਈ ਜਲੰਧਰ ਵੱਲੋਂ ਜ਼ਿਲਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਦੀ ਅਗਵਾਈ ਹੇਠ ਮਾਣਯੋਗ ਐਸ ਡੀ ਐਮ ਨਕੋਦਰ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੋਬਿੰਦ ਪੁਰ ਨੇ ਦੱਸਿਆ ਕਿ ਅਸੀਂ ਮੰਗ ਪੱਤਰ ਰਾਹੀ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਝੋਨੇ ਦੇ ਸੀਜ਼ਨ ਤੇ ਪਰਾਲ਼ੀ ਨੂੰ ਸੰਭਾਲਣ ਲਈ ਪੰਜਾਬ ਸਰਕਾਰ ਵੱਲੋਂ ਸਬਸਿਡੀ ਤੇ ਬੈਲਰ ਮਹੱਈਆ ਕਰਵਾਏ ਹਨ ਉਨ੍ਹਾਂ ਨੂੰ ਕ੍ਰਮਵਾਰ ਪਿੰਡਾਂ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋਂ ਬੈਲਰ ਇਲਾਕੇ ਤੋਂ ਬਾਹਰ ਨਾ ਜਾ ਸਕਣ ਅਤੇ ਜੋਂ ਬੈਲਰ ਮਾਲਕ ਕਿਸਾਨਾਂ ਤੋਂ ਪ੍ਰਤੀ ਏਕੜ 1500 ਤੋਂ ਲੈ ਕੇ 2000 ਹਜ਼ਾਰ ਰੁਪਏ ਪ੍ਰਤੀ



ਏਕੜ ਮੰਗ ਕਰ ਰਹੇ ਹਨ ਉਸ ਲੁੱਟ ਨੂੰ ਰੋਕਿਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਵੱਲੋਂ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਸ ਗੱਲ ਵੱਲ ਸਰਕਾਰ ਵੱਲੋਂ ਗੋਰ ਨਾ ਕੀਤਾ ਗਿਆ ਤਾਂ ਕਿਸਾਨ ਮਜਬੂਰ ਹੋ ਕੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣਗੇ ਜਿਸ ਦੇ ਸਿਧੇ ਤੌਰ ਤੇ ਬੈਲਰ ਮਾਲਕ ਅਤੇ ਪ੍ਰਸ਼ਾਸਨ ਜ਼ਿੰਮੇਵਾਰ ਹੋਣਗੇ। ਕਿਸਾਨਾਂ ਦੇ ਵਫ਼ਦ ਵੱਲੋਂ ਇਸ ਮੌਕੇ ਮਹਿਤਪੁਰ ਤੋਂ ਤਲਵਣ ਰੋਡ ਬਣਾਉਣ ਦੀ ਵੀ ਮੰਗ ਕੀਤੀ ਗਈ ਉਨ੍ਹਾਂ ਕਿਹਾ ਕਿ ਰੋਡ ਮਾਈਨਿੰਗ ਕਾਰਨ ਖ਼ਸਤਾ ਹਾਲਤ ਵਿਚ ਹੈ ਉਸ ਦੀ ਜਲਦੀ ਰਿਪੇਅਰ ਕਰਨ ਕੀਤੀ ਜਾਵੇ ਅਤੇ ਜਿਨ੍ਹਾਂ ਚਿਰ ਸੜਕ ਦੀ ਰਿਪੇਅਰ ਨਹੀਂ ਹੁੰਦੀ ਮਾਈਨਿੰਗ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਲਖਵੀਰ ਸਿੰਘ ਗੋਬਿੰਦਪੁਰ ਜ਼ਿਲਾ ਪ੍ਰਧਾਨ , ਡਾਕਟਰ ਮਹਿੰਦਰਪਾਲ ਸਿੰਘ ਤਹਿਸੀਲ ਪ੍ਰਧਾਨ ਨੂਰ ਮਹਿਲ , ਗੁਰਦੀਪ ਸਿੰਘ ਤਹਿਸੀਲ ਪ੍ਰਧਾਨ ਨਕੋਦਰ , ਮੱਖਣ ਸਿੰਘ ਸਰਪੰਚ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਨਤੀਜਾ 100 ਫੀਸਦੀ

**ਕਪੂਰਥਲਾ, ( ਕੌੜਾ )–** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਨਰਸਰੀ ਤੋਂ ਬਾਰਵੀਂ ਜਮਾਤ ਦਾ "ਫਸਟ ਟਰਮ" ਦਾ ਨਤੀਜਾ ਸ਼ਾਨਦਾਰ ਰਿਹਾ । ਜਿਸ ਵਿੱਚ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਰਾਹੀਂ ਸਕੂਲ ਦਾ ਨਤੀਜਾ 100 ਫੀਸਦੀ ਰਿਹਾ । ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਲਈ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ



ਫਸਟ ਟਰਮ ਦੇ ਨਤੀਜੇ ਮੌਕੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨਾਲ ਬੀਬੀ ਗੁਰਪ੍ਰੀਤ ਕੌਰ, ਇੰਜੀ. ਹਰਨਿਆਮਤ ਕੌਰ ਅਤੇ ਇੰਜੀ. ਨਿਮਰਤਾ ਕੌਰ ।

ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮ-ਰਤਾ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ । ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀ ਬਹੁਤ ਹੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ ਅਤੇ ਸਕੂਲ ਦੇ ਇਸ ਸ਼ਾਨਦਾਰ ਨਤੀਜੇ ਲਈ ਸਮੂਹ ਸਟਾਫ ਮੈਂਬਰ, ਵਿਦਿਆਰਥੀ ਅਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਪਾਤਰ ਹਨ।

# ਇਤਿਹਾਸ ਵਿਭਾਗ ਵੱਲੋਂ ਮਹਾਤਮਾ ਗਾਂਧੀ ਜੀ ਦੀ ਜਨਮ ਦਿਵਸ ਨੂੰ ਸਮਰਪਿਤ ਪ੍ਰੋਗਰਾਮ



**ਕਪੂਰਥਲਾ, (ਕੌੜਾ)–** ਮਹਾਤਮਾ ਗਾਂਧੀ ਜੀ ਦੀ ਜਨਮ ਜਯੰਤੀ ਦੇ ਅਵਸਰ 'ਤੇ ਬੇਬੇ ਨਾਨਕੀ ਯੂਨੀਵਰਸਿਟੀ ਫਾਰ ਗਰਲਜ਼, ਫੱਤੂਢੀਂਗਾ , ਕਪੂਰਥਲਾ ਦੇ ਇਤਿਹਾਸ ਵਿਭਾਗ ਵੱਲੋਂ ਇਕ ਵਿਸਤਾਰ ਲੈਕਚਰ ਤੇ ਇੰਟਰ-ਡਿਪਾਰਟਮੈਂਟਲ ਕੁਇਜ਼ ਮੁਕਾਬਲਾ ਆਯੋਜਿਤ ਕੀਤਾ ਗਿਆ। ਇਹ ਸਮਾਗਮ ਰਾਸ਼ਟਰ ਪਿਤਾ ਦੀ ਜ਼ਿੰਦਗੀ ਤੇ ਉਪਦੇਸ਼ਾਂ ਨੂੰ ਯਾਦ ਕਰਨ ਲਈ ਸਮਰਪਿਤ ਸੀ। ਕਾਰਜਕ੍ਰਮ ਦੀ ਸ਼ੁਰੂਆਤ ਪ੍ਰੋ.ਮਨਪ੍ਰੀਤ ਕੌਰ (ਇਤਿਹਾਸ ਵਿਭਾਗ) ਵੱਲੋਂ ਕੀਤੇ ਗਏ ਸੋਚ-ਵਿਚਾਰ ਭਰੇ ਵਿਸਤਾਰ ਲੈਕਚਰ ਨਾਲ ਹੋਈ। ਉਨ੍ਹਾਂ ਨੇ ਮਹਾਤਮਾ ਗਾਂਧੀ ਜੀ ਦੀ ਆਤਮਕਥਾ "ਸੱਚ ਨਾਲ ਮੇਰੇ ਪ੍ਰਯੋਗ" ਦੀ ਮਹੱਤਤਾ ਉਜਾਗਰ ਕੀਤੀ ਤੇ ਵਿਦਿਆਰਥੀਆਂ ਨੂੰ ਇਸਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਹ ਪੁਸਤਕ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਦੀ ਹੈ। ਲੈਕਚਰ ਤੋਂ ਬਾਅਦ ਇੰਟਰ-ਡਿਪਾਰਟਮੈਂਟਲ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਕਲਾ ਵਿਭਾਗ ਨੇ ਸ਼ਾਨਦਾਰ ਤਿਆਰੀ ਤੇ ਟੀਮ ਵਰਕ ਨਾਲ ਜਿੱਤ ਹਾਸਲ ਕੀਤੀ। ਮੁਕਾਬਲੇ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਵਿੱਚ ਪ੍ਰੋ. ਕੁਲਜੀਤ ਕੌਰ (ਰਾਜਨੀਤਿਕ ਵਿਗਿਆਨ ਵਿਭਾਗ) ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਸਮਾਗਮ ਦਾ ਸਮਾਪਨ ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਜੀ ਦੇ ਸੰਬੋਧਨ ਨਾਲ ਹੋਇਆ। ਉਨ੍ਹਾਂ ਨੇ ਜਿੱਤਣ ਵਾਲੀ ਟੀਮ ਨੂੰ ਵਧਾਈ ਦਿੱਤੀ ਅਤੇ ਇਤਿਹਾਸ ਵਿਭਾਗ ਸਮੇਤ ਸਾਰੇ ਅਧਿਆਪਕਾਂ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ। ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਅਜਿਹੇ ਪ੍ਰੋਗਰਾਮਾਂ ਦੀ ਲਗਾਤਾਰ ਰਚਨਾ ਕਰਨ ਉੱਤੇ ਜ਼ੋਰ ਦਿੱਤਾ ਤਾਂ ਜੋ ਵਿਦਿਆਰਥੀਆਂ ਵਿੱਚ ਬੌਧਿਕ ਅਤੇ ਨੈਤਿਕ ਵਿਕਾਸ ਨੂੰ ਹੋਰ ਵਧਾਇਆ ਜਾ ਸਕੇ।

# ਪੰਜਾਬੀ ਗਾਇਕ ਰਾਜਵੀਰ ਜਵੰਦਾ ਨੂੰ ਬਚਾਉਣ ਲਈ ਦੇਸ਼ ਦੇ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਲਈਆਂ ਜਾਣ – ਪੈਂਥਰ

**ਕਪੂਰਥਲਾ, (ਕੌੜਾ)–** ਰੋਜ਼ਾਨਾ ਹੀ ਸੜਕਾਂ ਅਤੇ ਉਨ੍ਹਾਂ ਉੱਤੇ ਘੁੰਮ ਰਹੇ ਅਵਾਰਾ ਪਸ਼ੂਆਂ ਦੇ ਨਾਲ ਦੁਰਘਟਨਾਵਾਂ ਵਾਪਰ ਰਹੀਆਂ ਹਨ ਜਿਸ ਨਾਲ ਹਰ ਸਾਲ ਲੱਖਾਂ ਕੀਮਤੀ ਜਾਨਾਂ ਅਣਆਈ ਮੌਤ ਮਰ ਰਹੀਆਂ ਹਨ। ਇਹ ਸ਼ਬਦ ਸਮਾਜਸੇਵੀ ਧਰਮ ਪਾਲ ਪੈਂਥਰ ਨੇ ਪ੍ਰੈਸ ਦੇ ਨਾਂ ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਨ੍ਹਾਂ ਘਟਨਾਵਾਂ ਨਾਲ ਜਿੱਥੇ ਕੀਮਤੀ ਜਾਨਾਂ ਮੌਤ ਦੇ ਮੂੰਹ ਵਿੱਚ ਚਲੀਆਂ ਜਾਂਦੀਆਂ ਹਨ ਉੱਥੇ ਸਹੂਲਤਾਂ ਲਈ ਖਰੀਦੇ ਗਏ ਵਾਹਨਾਂ ਦਾ ਵੀ ਭਾਰੀ ਨੁਕਸਾਨ ਹੋ ਰਿਹਾ ਹੈ । ਬਹੁਤ ਸਾਰੇ ਲੋਕ ਸਾਰੀ ਉਮਰ ਭਰ ਅਪੰਗ ਹੋ ਜਾਂਦੇ ਹਨ । ਉਨ੍ਹਾਂ ਦੀ ਜ਼ਿੰਦਗੀ ਦੂਜਿਆਂ ਤੇ ਨਿਰਭਰ ਅਤੇ ਜਿਊਣਾ ਮੁਸ਼ਕਿਲ ਹੋ ਜਾਂਦਾ ਹੈ। ਕਿੰਨੇ ਘਰਾਂ ਦੇ ਚਿਰਾਗ਼ ਬੁੱਝ ਜਾਂਦੇ ਹਨ, ਧੀਆਂ ਭੈਣਾਂ ਵਿਧਵਾ ਹੋ ਜਾਂਦੀਆਂ ਹਨ, ਬੱਚੇ ਅਨਾਥ ਹੋ ਜਾਂਦੇ ਹਨ । ਦੇਸ਼ ਦੀ ਜਨਤਾ ਥੋੜ੍ਹੇ ਦਿਨ ਸਰਕਾਰਾਂ ਨੂੰ ਕੋਸਦੀਆਂ ਤੇ ਭੁੱਲ ਜਾਂਦੀਆਂ ਹਨ। ਪੀੜਤ ਪਰਿਵਾਰ ਹੋਣੀ ਨੂੰ ਕੋਈ ਰੋਕ ਨਹੀਂ ਸਕਦਾ ਅਤੇ ਰੱਬ ਦਾ ਭਾਣਾ ਮੰਨ ਕੇ ਸਬਰ ਕਰ ਲੈਂਦੇ ਹਨ । ਸਰਕਾਰਾਂ ਦੇ ਨੁਮਾਇੰਦੇ ਵੀ ਮਗਰਮੱਛ ਦੇ ਹੰਝੂ ਵਹਾ ਕੇ ਜਾਂ ਥੋੜਾ ਬਹੁਤ ਮੁਆਵਜ਼ਾ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਨ । ਪੈਂਥਰ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਉਦੋਂ ਜਿਆਦਾ ਹਾਈਲਾਈਟ ਹੁੰਦੀਆਂ ਹਨ ਜਦੋਂ ਕੋਈ ਨਾਮੀ ਕਮਾਮੀ ਵਿਅਕਤੀ ਸ਼ਿਕਾਰ ਹੋ ਜਾਂਦਾ ਹੈ । ਪਿੱਛਲੇ ਦਿਨੀਂ ਪੰਜਾਬ ਦੇ ਮਸ਼ਹੂਰ ਗਾਇਕ ਰਾਜਵੀਰ ਜਵੰਦਾ ਦੀ ਅਵਾਰਾ ਸਾਨ੍ਹਾਂ ਦੇ ਨਾਲ ਮੋਟਰਸਾਈਕਲ ਦੀ ਟੱਕਰ ਹੋਣ ਉਪਰੰਤ ਗੰਭੀਰ ਜ਼ਖ਼ਮੀ ਹੋ ਗਏ ਹਨ। ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਵੈਂਟੀਲੇਟਰ ਤੇ ਚੱਲ ਰਹੇ ਹਨ । ਉਹਦਾ ਹਾਲ ਚਾਲ ਜਾਨਣ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਮੰਤਰੀ ਸੰਤਰੀ, ਕਲਾਕਾਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵੀਆਈਪੀ ਪਹੁੰਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰ ਰਹੇ ਹਨ । ਸੜਕ ਹਾਦਸੇ ਦਾ ਸ਼ਿਕਾਰ ਹੋਏ ਰਾਜਵੀਰ ਜਵੰਦਾਂ ਨਾਲ ਮੇਰੀ ਪੂਰੀ ਹਮਦਰਦੀ ਅਤੇ ਜਲਦ ਠੀਕ ਹੋਣ ਦੀ ਕਾਮਨਾ ਕਰਦਾ ਹਾਂ । ਜਿੱਥੇ ਦੁਨੀਆਂ ਭਰ ਵਿੱਚ ਵੱਸਦੇ ਪੰਜਾਬੀ ਲੋਕ ਵੱਖ-ਵੱਖ ਪੂਜਾ ਸਥਾਨਾਂ ਅਤੇ ਘਰਾਂ ਵਿੱਚ ਠੀਕ ਹੋਣ ਦੀਆਂ ਅਰਦਾਸਾਂ ਕਰ ਰਹੇ ਹਨ । ਉਸ ਨੂੰ ਬਚਾਉਣ ਲਈ ਹਸਪਤਾਲ ਦੀ ਟੀਮ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ । ਪੈਂਥਰ ਨੇ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਹੈ ਕਿ ਹੋਣਹਾਰ ਕਲਾਕਾਰ ਨੂੰ ਬਚਾਉਣ ਲਈ ਫੋਰਟਿਸ ਹਸਪਤਾਲ ਦੇ ਡਾਕਟਰਾਂ ਤੋਂ ਇਲਾਵਾ ਦੇਸ਼ ਦੇ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਲਈਆਂ ਜਾਣ । ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਅਵਾਰਾ ਪਸ਼ੂਆਂ ਦੇ ਹੱਲ ਲਈ ਠੋਸ ਕਦਮ ਚੁੱਕੇ ਅਤੇ ਟੁੱਟੀਆਂ ਸੜਕਾਂ ਮੁਰੰਮਤ ਕੀਤੀ ਜਾਵੇ । ਟਰੈਫਿਕ ਵਿਭਾਗ ਆਵਾਜਾਈ ਦੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਤਾਂ ਕਿ ਭਵਿੱਖ ਵਿੱਚ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ ।



The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵੱਖ-ਵੱਖ ਬਲਾਕਾਂ ਵਿੱਚ ਬਲਾਕ ਪੱਧਰੀ ਸਾਇੰਸ ਸੈਮੀਨਾਰ ਆਯੋਜਿਤ





**ਸ੍ਰੀ ਮੁਕਤਸਰ ਸਾਹਿ (ਜਸਵਿੰਦਰ ਪਾਲ ਸ਼ਰਮਾ)** ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਐਸ.ਸੀ.ਈ.ਆਰ.ਟੀ ਪੰਜਾਬ ਅਤੇ ਜਿਲਾ ਸਿੱਖਿਆ ਅਫਸਰ(ਸੈ.ਸਿ) ਸ਼੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਬਲਾਕ ਪੱਧਰੀ ਸਾਇੰਸ ਸੈਮੀਨਾਰ ਕਰਵਾਇਆ ਗਿਆ। ਇਸ ਸਾਰੇ ਸਾਇੰਸ ਸੈਮੀਨਾਰ ਨੂੰ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਸ਼੍ਰੀ ਰਜਿੰਦਰ ਸੋਨੀ ਜੀ ਵੱਲੋਂ ਉਲੀਕਿਆ ਗਿਆ। ਜਿਸ ਵਿੱਚ ਵੱਖ-ਵੱਖ ਬਲਾਕਾਂ ਦੇ ਸਕੂਲਾਂ ਨੇ ਭਾਗ ਲਿਆ ਇਸ ਸਾਇੰਸ ਸੈਮੀਨਾਰ ਦਾ ਮੁੱਖ ਵਿਸ਼ਾ ਸੀ ਕੁਆਂਟਮ ਯੁੱਗ ਪੋਟੈਂਸ਼ੀਅਲ ਅਤੇ ਚੈਲੇਂਜਸ... ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਆਪਣੀ ਆਪਣੀ ਪੇਸ਼ਕਾਰੀ ਚਾਰਟਸ ਅਤੇ ਸਲਾਈਡਸ ਦੁਆਰਾ ਪੇਸ਼ ਕੀਤੀ। ਹਰ ਬਲਾਕ ਵਿੱਚੋਂ ਪਹਿਲੀਆਂ ਤਿੰਨ ਪੁਜ਼ੀਸ਼ਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਬਲਾਕ ਨੋਡਲ ਅਫਸਰ ਦੁਆਰਾ ਸਨਮਾਨਿਤ ਵੀ ਕੀਤਾ ਗਿਆ। ਹੁਣ ਇਹਨਾਂ ਵਿਦਿਆਰਥੀਆਂ ਦਾ ਜ਼ਿਲ੍ਹਾ ਪੱਧਰੀ ਮੁਕਾ-ਬਲਾ ਸੋਮਵਾਰ ਨੂੰ ਹੋਣ ਜਾ ਰਿਹਾ ਹੈ। ਇਸ ਮੌਕੇ ਵੱਖ-ਵੱਖ ਬਲਾਕਾਂ ਵਿੱਚ ਅਧਿਆਪਕਾਂ ਦੁਆਰਾ ਵੱਖ-ਵੱਖ ਤਰ੍ਹਾਂ ਦੀਆਂ ਡਿਊਟੀਆਂ ਨਿਭਾਈਆਂ ਗਈਆਂ। ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਰਿਫਰੈਸ਼ਮੈਂਟ ਦਾ ਅਰੇਂਜਮੈਂਟ ਵੀ ਬਲਾਕ ਨੋਡਲ ਅਫਸਰਾਂ ਦੁਆਰਾ ਕੀਤਾ ਗਿਆ ਅਤੇ ਗਾਈਡ ਅਧਿਆਪਕਾਂ ਨੇ ਵੀ ਆਪਣੀ ਭੂਮਿਕਾ ਬਹੁਤ ਵਧੀਆ ਤਰੀਕੇ ਨਾਲ ਨਿਭਾਈ ਕਿਉਂਕਿ ਪੇਪਰਾਂ ਤੋਂ ਬਾਅਦ ਇਕਦਮ ਵਿਦਿਆਰਥੀਆਂ ਨੂੰ ਦੁਬਾਰਾ ਤਿਆਰ ਕਰਨਾ ਇੱਕ ਚੰਗੇ ਅਧਿਆਪਕ ਦੀ ਜਿੰਮੇਵਾਰੀ ਬਣ ਜਾਂਦੀ ਹੈ। ਜਿਸ ਨੂੰ ਉਹਨਾਂ ਨੇ ਬਾਖੂਬੀ ਹੀ ਨਿਭਾਇਆ। ਇਸ ਮੌਕੇ ਜ਼ਿਲ੍ਹੇ ਦੇ ਰਾਸ਼ਟਰੀ ਅਵਿਸ਼ਕਾਰ ਅਭਿਆਨ ਦੇ ਇੰਚਾਰਜ ਸ੍ਰੀ ਰਾਜਨ ਗੋਇਲ ਸਾਇੰਸ ਮਾਸਟਰ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਪਿੰਡ ਮਲੋਟ ਨੇ ਮੀਡੀਆ ਕੋਆਰਡੀਨੇਟਰ ਸ਼੍ਰੀ ਜਸਵਿੰਦਰ ਪਾਲ ਸ਼ਰਮਾ ਨਾਲ ਗੱਲਬਾਤ ਕਰਦੇ ਦੱਸਿਆ ਕਿ ਇਸ ਤਰ੍ਹਾਂ ਦੇ ਮੁਕਾਬਲਿਆ ਨਾਲ ਵਿਦਿਆਰਥੀਆਂ ਵਿੱਚ ਸਾਇੰਸ ਵਿਸ਼ੇ ਪ੍ਰਤੀ ਰੁਚੀ ਵਧਦੀ ਹੈ ਅਤੇ ਅਜਿਹੇ ਵਿਦਿਆਰਥੀ ਹੀ ਉੱਚੀਆਂ ਪਲਾਂਘਾ ਪੁੱਟ ਕੇ ਦੇਸ਼ ਨੂੰ ਅੱਗੇ ਲੈ ਕੇ ਜਾਂਦੇ ਨੇ। ਅੰਤ ਵਿੱਚ ਵੱਖ-ਵੱਖ ਬਲਾਕਾਂ ਵਿੱਚ ਆਏ ਹੋਏ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਜ਼ਿਲ੍ਹਾ ਸਿੱਖਿਆ ਦਫਤਰ ਵੱਲੋਂ ਧੰਨਵਾਦ ਕੀਤਾ ਗਿਆ।

# ਪ੍ਰੋਜੈਕਟ ਜੀਵਨ ਜੋਤ 2.0-ਜਿਲੇ 'ਚ ਬਾਲ ਭਿਖਿਆ ਖ਼ਿਲਾਫ਼ ਚੈਕਿੰਗ



**ਨਵਾਂਸ਼ਹਿਰ, ਅਕਤੂਬਰ(ਜਤਿੰਦਰ ਪਾਲ ਸਿੰਘ ਕਲੇਰ )** ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋ ਬਾਲ ਭਿੱਖਿਆ ਖਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਸਖ਼ਤਾਈ ਨਾਲ ਲਾਗੂ ਕਰਨ ਦੀਆਂ ਹਦਾਇਤਾਂ ਤਹਿਤ ਜਿਲ੍ਹਾ ਟਾਸਕ ਫੋਰਸ ਵਲੋਂ ਬੱਸ ਸਟੈਂਡ ਰੋਡ, ਗੜਸ਼ੰਕਰ ਰੋਡ ਅਤੇ ਬੰਗਾ ਰੋਡ 'ਤੇ ਬਾਲ ਭਿੱਖਿਆ ਖਿਲਾਫ ਚੈਕਿੰਗ ਕੀਤੀ ਗਈ।

ਜਿਲਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਹੋਈ ਚੈਕਿੰਗ ਬਾਰੇ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬਾਲ ਭਿੱਖਿਆ ਸਬੰਧੀ ਹੋ ਰਹੀਆਂ ਲਗਾਤਾਰ ਚੈਕਿੰਗਾਂ ਸਦਕਾ ਅੱਜ ਟੀਮ ਨੂੰ ਕੋਈ ਵੀ ਬੱਚਾ ਭੀਖ ਮੰਗਦੇ ਹੋਏ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਜਿਲਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਅਤੇ ਮਜ਼ਦੂਰੀ ਨਾ ਕਰਵਾਉਣ ਸਬੰਧੀ ਜਨਤਾ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਜੇ ਕੋਈ ਬੱਚਾ ਬਾਲ ਭਿੱਖਿਆ ਕਰਦੇ ਹੋਏ ਪਾਇਆ ਜਾਂਦਾ ਹੈ ਤਾ ਯੂਨਿਟ ਵੱਲੋਂ ਬੱਚਿਆਂ ਦੀ ਉਮਰ ਅਨੁਸਾਰ ਉਨ੍ਹਾਂ ਨੂੰ ਸਕੂਲ ਵਿਚ ਦਾਖਲ ਕਰਵਾਇਆ ਜਾਵੇਗਾ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦਾ ਲਾਭ ਦਿੱਤਾ ਜਾਵੇਗਾ।

ਇਸ ਮੌਕੇ ਮੌਜੂਦ ਬਾਲ ਸੁਰੱਖਿਆ ਅਫਸਰ ਰਜਿੰਦਰ ਕੌਰ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਤੌਰ 'ਤੇ ਅਪਰਾਧ ਹੈ । ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਬੱਚਿਆਂ ਅਤੇ ਉਨ੍ਹਾ ਦੇ ਮਾਂਪਿਆਂ ਦੀ ਕਾਊਂਸਲਿੰਗ ਕੀਤੀ ਜਾਣੀ ਬਣਦੀ ਹੈ ਤਾਂ ਜੋ ਬੱਚਿਆਂ ਤੋ ਭੀਖ ਮੰਗਵਾਉਣ ਦੀ ਬਜਾਏ ਉਨ੍ਹਾਂ ਨੂੰ ਸਿੱਖਿਆ ਨਾਲ ਜੋੜਨ ਲਈ ਸਕੂਲ ਭੇਜਣ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਸਿਰਜਣਾ ਹੋ ਸਕੇ। ਕੰਚਨ ਅਰੋੜਾ ਨੇ ਕਿਹਾ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਵਾਲਿਆਂ 'ਤੇ ਜੁਵੇਨਾਈਲ ਜਸਟਿਸ ਐਕਟ ਅਧੀਨ ਕਾਰਵਾਈ ਕੀਤੀ ਜਾਵੇਗੀ। ਇਸਦੇ ਨਾਲ ਹੀ ਅਪੀਲ ਕੀਤੀ ਗਈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਭੀਖ ਮੰਗਦਾ ਹੋਇਆ ਦਿਖਾਈ ਦਿੰਦਾ ਹੈ ਤਾਂ ਇਸ ਸਬੰਧੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 416 ਤੀਜੀ ਮੰਜ਼ਿਲ ਡੀਸੀ ਦਫਤਰ ਜਾਂ ਚਾਇਲਡ ਹੈਲਪਲਾਈਨ ਨੰਬਰ 1098 'ਤੇ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਚੈਕਿੰਗ ਟੀਮ ਵਿੱਚ ਬਾਲ ਸੁਰੱਖਿਆ ਅਫਸਰ ਰਜਿੰਦਰ ਕੌਰ ਸੀਪੀਓ ਅਤੇ ਦੀਪਕ ਕੇਸ ਵਰਕਰ, ਸੀਡੀਪੀਓ ਦਫਤਰ ਤੋਂ ਸੁਪਰਵਾਈਜ਼ਰ ਹਰਭਜਨ ਕੌਰ, ਸਿੱਖਿਆ ਵਿਭਾਗ ਤੋਂ ਪ੍ਰਾਇਮਰੀ ਟੀਚਰ ਮੋਹਿਤ ਗੁੰਬਰ,ਸਿਹਤ ਵਿਭਾਗ ਤੋਂ ਡਾਕਟਰ ਰੁਪਿੰਦਰ ਸਿੰਘ, ਪੁਲਿਸ ਵਿਭਾਗ ਤੋਂ ਅਵਤਾਰ ਸਿੰਘ ਏ ਐਸ ਆਈ ਵੀ ਮੌਜੂਦ ਸਨ।

# ਨੌਵਾਂ ਅਸ਼ੋਕ ਵਿਜੇ ਦਸਵੀਂ ਮਹਾਦਸ਼ਮੀ ਉਤਸਵ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ



**ਕਪੂਰਥਲਾ, (ਕੌੜਾ)–** ਨੌਵੇਂ ਅਸ਼ੋਕ ਵਿਜੇ ਦਸਵੀਂ ਅੰਬੇਡਕਰ ਬਹੁ ਵਿਹਾਰ ਆਰ ਸੀ ਐਫ ਦੀ ਨਵੀਂ ਤਿਆਰ ਇਮਾਰਤ ਤੋਂ ਗਰਾਊਂਡ ਤੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਜੋ ਕਿ ਆਰ ਸੀ ਐੱਫ ਦੀਆਂ ਸਮੂਹ ਬੋਧੀ ਫੂਲੇ, ਅੰਬੇਡਕਰੀ, ਧਾਰਮਿਕ ਅਤੇ ਸਮਾਜਿਕ ਸੰਗਠਨ ਨੇ ਸਾਂਝੇ ਤੌਰ ਤੇ ਆਯੋਜਿਤ ਕੀਤਾ । ਪ੍ਰੋਗਰਾਮ ਦੀ ਸ਼ੁਰੂਆਤ ਪੰਚਸ਼ੀਲ ਵੇਦ ਵੰਦਨਾ ਨਾਲ ਕੀਤੀ । ਇਸ ਦੌਰਾਨ ਮੁੱਖ ਬੁਲਾਰੇ ਮਾਸਟਰ ਗਿਆਨ ਸੀਲ ਵੱਲੋਂ ਜੋਤੀ ਪ੍ਰਜਿਲਤ ਕੀਤੀ ਗਈ। ਇਸ ਦੌਰਾਨ ਵੱਖ-ਵੱਖ ਸੰਸਥਾਵਾਂ ਦੇ ਬੁਲਾਰਿਆਂ ਜਿਨ੍ਹਾਂ ਵਿੱਚ ਬਾਮ ਸੇਫ ਤੋਂ ਬ੍ਰਹਮਪਾਲ ਭਾਰਤੀ ,ਕ੍ਰਿਸਨ ਲਾਲ ਜੱਸਲ, ਨਿਰਵੈਰ ਸਿੰਘ, ਭਾਰਤੀ ਸਮਾਜ ਨਿਰਮਾਣ ਸੰਘ ਤੋਂ ਜਨਰਲ ਸਕੱਤਰ ਰਣਜੀਤ ਸਿੰਘ , ਕੈਪਟਨ ਨਰਾਇਣ, ਭਾਰਤੀ ਬੋਧ ਮਹਾਸਭਾ ਤੋਂ ਈ ਪੀ ਸਿੰਘ ਆਲ ਇੰਡੀਆ ਐਸ ਟੀ ਤੋਂ ਕਾਰਜਕਾਰੀ ਪ੍ਰਧਾਨ ਸੋਹਨ ਬੈਠਾ ਆਦਿ ਨੇ ਸਮਰਾਟ ਅਸ਼ੋਕ ਵੱਲੋਂ ਬੁੱਧ ਪ੍ਰਚਾਰ ਪ੍ਰਸਾਰ ਬਾਰੇ ਵਿਸਥਾਰ ਪੂਰਵਕ ਜਾਨਣਾ ਪਾਇਆ। ਮਾਸਟਰ ਕੁਸ਼ਲ ਕੁਮਾਰ ਪੰਜਾਬ ਬਹੁਜਨ ਕੋਆਰਡੀਨੇਸ਼ਨ ਟੀਮ ਪੰਜਾਬ ਵੱਲੋਂ ਸਮਰਾਟ ਅਸ਼ੋਕ ਵੱਲੋਂ ਬੁੱਧ ਧਰਮ ਦੇ ਪ੍ਰਚਾਰ ਪ੍ਰਸਾਰ ਤੇ ਵੀ ਵਿਸਥਾਰ ਪੂਰਵ ਚਾਨਣਾ ਪਾਇਆ ਗਿਆ।

ਅੰਤ ਵਿੱਚ ਇੰਜੀਨੀਅਰ ਜੀਤ ਸਿੰਘ ਪ੍ਰਧਾਨ ਆਲ ਇੰਡੀਆ ਐਸਸੀ ਐਸਟੀ ਰੇਲਵੇ ਇਮਪਲਾਈ ਐਸੋਸੀਏਸ਼ਨ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਰਣਜੀਤ ਸਿੰਘ ,ਜਸਪਾਲ , ਸੰਧੂਰਾ ਸਿੰਘ ,ਵੀਰ ਪ੍ਰਕਾਸ਼ ,ਸੁਖਵਿੰਦਰ ਸਿੰਘ, ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਦੇ ਸਕੱਤਰ ਬੀਰ ਸਿੰਘ ਵੜੈਚ, ਬਾਮਸੇਫ ਤੋਂ ਪੂਰਨ ਚੰਦ ,ਰਾਜੇਸ਼ ਕੁਮਾਰ, ਸੰਜੇ ਸਿੰਘ, ਸਤੀਸ਼ ਕੁਮਾਰ, ਰਾਜ ਕੁਮਾਰ, ਗੁਰਮੁਖ ਸਿੰਘ, ਰਾਮ ਵਿਲਾਸ, ਸੂਰਜ ਸਿੰਘ ਆਦਿ ਨੇ ਅਹਿਮ ਭੂਮਿਕਾ ਨਿਭਾਈ ।

# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿੱਚ '"ਕਿਸ਼ੋਰ ਅਵਸਥਾ ਸਬੰਧੀ ਇੱਕ ਜਾਗਰੂਕਤਾ ਸੈਮੀਨਾਰ ਦਾ ਕਰਵਾਇਆ ਗਿਆ ਆਯੋਜਨ"





**ਸੰਦੀਪ ਸਿੰਘ 'ਬਖੋਪੀਰ' (ਸਮਾਜ ਵੀਕਲੀ)** ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਦਿਨੀਂ 3 ਅਕਤੂਬਰ 2025 ਨੂੰ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਵਿਦਿਆਰਥੀਆਂ ਨੂੰ ਕਿਸ਼ੋਰ ਅਵਸਥਾ ਸਬੰਧੀ ਆ ਰਹੀਆਂ ਸਮੱਸਿਆਵਾਂ ਤੋਂ ਜਾਗਰੂਕ ਕਰਨ ਲਈ, ਸਕੂਲ ਵਿੱਚ ਇੱਕ ਅਵੇਰਨੈਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਨਮੀਤ ਸਰ, ਬਲਜੀਤ ਮੈਡਮ, ਸੁਨੀਤਾ ਮੈਡਮ, ਸੁਖਜੀਤ ਮੈਡਮ ਅਤੇ ਪੰਜਾਬੀ ਅਧਿਆਪਕ ਸੰਦੀਪ ਸਿੰਘ ਵੱਲੋਂ ਵਿਦਿਆਰਥੀਆਂ ਨਾਲ਼ ਉੱਚੀ ਸੂਝ-ਬੂਝ ਵਾਲੇ ਸਰਲ ਵਿਚਾਰਾਂ ਰਾਹੀਂ ਉਦਾਹਰਣਾਂ ਦੀ ਸਾਂਝ ਪਾਕੇ ਉਹਨਾਂ ਨੂੰ ਜੀਵਨ ਵਿੱਚ ਆ ਰਹੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਸਮਾਧਾਨਾਂ ਤੋਂ ਜਾਣੂ ਕਰਵਾਇਆ, ਵਿਦਿਆਰਥੀਆਂ ਨੂੰ ਚੰਗੀ ਸਿਹਤ, ਚੰਗੇ ਸੰਸਕਾਰ, ਸਵੈ-ਪੜਚੋਲ, ਸੋਸ਼ਲ ਮੀਡੀਏ ਦੇ ਦੁਸ਼ਟ ਪ੍ਰਭਾਵ, ਮਾਪੇ ਅਤੇ ਅਧਿਆਪਕਾਂ ਸਬੰਧੀ ਉਹਨਾਂ ਦੇ ,ਆਪਣੇ ਬਣਦੇ ਫਰਜਾਂ ਪ੍ਰਤੀ ਸਾਰੇ ਅਧਿਆਪਕਾਂ ਵੱਲੋਂ ਪ੍ਰੇਰਿਤ ਕੀਤਾ ਗਿਆ, ਸੈਮੀਨਾਰ ਲੱਗ-ਭੱਗ ਚਾਰ ਘੰਟੇ ਚੱਲਿਆ ਜਿਸ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ, ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ, ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਵੱਲੋਂ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਅਜਿਹੇ ਸੈਮੀਨਾਰ ਸਕੂਲ ਵਿੱਚ ਆਯੋਜਿਤ ਕਰਨ ਲਈ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਿਸ਼ਵਾਸ ਦਿਵਾਇਆ, ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਵੱਲੋਂ ਵੀ ਬੱਚਿਆਂ ਨੂੰ ਭਵਿੱਖ ਵਿੱਚ ਚੰਗੇ ਨਾਗਰਿਕ ਅਤੇ ਚੰਗੇ ਇਨਸਾਨ ਬਣ ਕੇ ਵਿਚਰਨ ਸਬੰਧੀ ਅਨੇਕਾਂ ਪ੍ਰੇਰਨਾਵਾਂ ਦੇ ਕੇ ਉਤਸਾਹਿਤ ਕੀਤਾ।

# ਜ਼ਿਲਾ ਮੈਜਿਸਟ੍ਰੇਟ ਵਲੋਂ ਸ਼ੋਰ ਪ੍ਰਦੂਸਨ ਦੀ ਰੋਕਥਾਮ ਲਈ ਵਿਸਥਾਰਤ ਹੁਕਮ ਜਾਰੀ

## ਬਿਨਾਂ ਮਨਜ਼ੂਰੀ ਨਹੀਂ ਲਾਇਆ ਜਾ ਸਕੇਗਾ ਸੰਗੀਤਕ ਯੰਤਰ: ਜ਼ਿਲਾ ਮੈਜਿਸਟ੍ਰੇਟ



**ਸ਼ਹੀਦ ਭਗਤ ਸਿੰਘ ਨਗਰ, (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲੇ ਵਿਚ ਵੱਖ-ਵੱਖ ਮੌਕਿਆਂ ‘ਤੇ ਮੈਰਿਜ ਪੈਲੇਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨਾਂ ‘ਤੇ ਡੀ.ਜੇ., ਆਰਕੈਸਟਰਾ, ਸੰਗੀਤਕ ਯੰਤਰ ਆਦਿ ਦਿਨ ਜਾਂ ਰਾਤ ਸਮੇਂ ਉਪ ਮੰਡਲ ਮੈਜਿਸਟ੍ਰੇਟ ਪਾਸੋਂ ਮਨਜ਼ੂਰੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਜ਼ਿਲਾ ਮੈਜਿਸਟ੍ਰੇਟ ਨੇ ਜਾਰੀ ਹੁਕਮਾਂ ਵਿਚ ਸਪੱਸ਼ਟ ਕੀਤਾ ਕਿ ਲਿਖਤੀ ਪ੍ਰਵਾਨਗੀ ਲੈਣ ਉਪਰੰਤ ਇਹ ਅੰਡਰਟੇਕਿੰਗ ਦੇਣੀ ਪਵੇਗੀ ਕਿ ਆਵਾਜ਼ ਦਾ ਪੱਧਰ 10 ਡੀ.ਬੀ. (ਏ) ਤੋਂ ਜਿਆਦਾ ਨਹੀਂ ਹੋਵੇਗਾ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀਆਂ ਹਦਾਇਤਾਂ ਦੀ ਰੌਸ਼ਨੀ ਵਿਚ ਜਿਲਾ ਮੈਜਿਸਟ੍ਰੇਟ ਨੇ ਨਿਰਦੇਸ਼ ਦਿੱਤੇ ਕਿ ਉਪ ਮੰਡਲ ਮੈਜਿਸਟ੍ਰੇਟਾਂ ਵਲੋਂ ਇਹ ਯਕੀਨੀ ਬਣਾਉਣਗੇ ਕਿ ਇਮਤਿਹਾਨ ਦੇ ਦਿਨਾਂ ਤੋਂ 15 ਦਿਨ ਪਹਿਲਾਂ ਕਿਸੇ ਵੀ ਲਾਊਡ ਸਪੀਕਰ ਆਦਿ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਜਾਰੀ ਹੁਕਮਾਂ ਅਨੁਸਾਰ ਜ਼ਿਲੇ ਵਿਚ ਲਾਊਡ ਸਪੀਕਰ ਅਤੇ ਕਿਸੇ ਹੋਰ ਸੰਗੀਤਕ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਰਾਤ 10 ਵਜੇ ਤੋਂ ਸਵੇਰੇ 06 ਵਜੇ ਤੱਕ ਕਿਸੇ ਵੀ ਆਵਾਜੀ ਯੰਤਰ ਦੇ ਕਿਸੇ ਵੀ ਬਿਲਡਿੰਗ ਵਿਚ ਅਤੇ ਸਥਾਨ ‘ਤੇ ਚਲਾਉਣ ‘ਤੇ ਮਨਾਹੀ ਹੋਵੇਗੀ। ਜ਼ਿਲਾ ਮੈਜਿਸਟ੍ਰੇਟ ਨੇ ਕਿਹਾ ਕਿ ਸਿਵਾਏ ਸਭਿਆਚਾਰਕ ਤੇ ਧਾਰਮਿਕ ਮੌਕਿਆਂ ‘ਤੇ ਰਾਤ 10 ਵਜੇ ਤੋਂ ਅੱਧੀ ਰਾਤ 12:00 ਵਜੇ ਤੱਕ , ਜਿਹੜੇ ਕਿ ਸਾਲ ਵਿੱਚ 15 ਦਿਨਾਂ ਤੋਂ ਵੱਧ ਨਹੀਂ ਹੋਣਗੇ, ਮੌਕੇ ਹੀ ਸੰਗੀਤਕ ਯੰਤਰ ਚਲਾਏ ਜਾ ਸਕਣਗੇ ਅਤੇ ਆਵਾਜ਼ ਦਾ ਪੱਧਰ 10 ਡੀ.ਬੀ. (ਏ) ਤੋਂ ਜ਼ਿਆਦਾ ਨਹੀਂ ਹੋਵ-ੇਗਾ । ਇਸ ਤੋਂ ਇਲਾਵਾ ਨਿੱਜੀ ਮਲਕੀਅਤ ਵਾਲੇ ਸਾਊਂਡ ਸਿਸਟਮ ਅਤੇ ਆਵਾਜ਼ ਪੈਦਾ ਕਰਨ ਵਾਲੇ ਯੰਤਰਾਂ ਦੀ ਆਵਾਜ਼ ਦਾ ਪੱਧਰ 5 ਡੀ.ਬੀ. (ਏ) ਤੋਂ ਜ਼ਿਆਦਾ ਨਹੀਂ ਹੋਵ-ੇਗਾ। ਇਸੇ ਤਰ੍ਹਾਂ ਹੁਕਮ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਜਿਲੇ ਵਿਚ ਸ਼ੋਰ ਪ੍ਰਦੂਸਨ ਸੰਬੰਧੀ ਕੋਈ ਵੀ ਸ਼ਿਕਾਇਤ ਮਿਲਣ ‘ਤੇ ਉਪ ਮੰਡਲ ਮੈਜਿਸਟ੍ਰੇਟ ਆਪਣੇ ਪੱਧਰ ‘ਤੇ ਸੰਬੰਧਤ ਡੀ. ਐਸ.ਪੀ. , ਵਾਤਾਵਰਣ ਇੰਜੀਨੀਅਰ, ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਨਾਲ ਤਾਲਮੇਲ ਕਰਕੇ ਲੋੜੀਂਦੀ ਪੜਤਾਲ ਕਰਵਾਉਣਗੇ ਅਤੇ ਸ਼ਿਕਾਇਤ ਸਹੀ ਪਾਏ ਜਾਣ ‘ਤੇ ਅਦਾਲਤੀ ਹੁਕਮਾਂ ਅਨੁਸਾਰ ਕਾਰਵਾਈ ਕਰਦਿਆਂ ਸ਼ੋਰ ਪ੍ਰਦੂਸਨ ਕਰਨ ਵਾਲੇ ਯੰਤਰ ਨੂੰ ਹਟਵਾ ਕੇ ਕਬਜ਼ੇ ਵਿਚ ਲੈਣਗੇ ਅਤੇ ਸੰਬੰਧਤ ਵਿਅਕਤੀ ਖ਼ਿਲਾਫ਼ ਬਣਦੀ ਕਾਰਵਾਈ ਅਮਲ ਵਿਚ ਲਿਆਉਣਗੇ। ਇਸੇ ਤਰ੍ਹਾਂ ਪ੍ਰਵਾਨਗੀ ਲੈਣ ਉਪਰੰਤ ਆਵਾਜ਼ੀ/ਸੰਗੀਤਕ ਯੰਤਰ ਆਦਿ ਦੀ ਆਵਾਜ਼ ਪ੍ਰੋਗਰਾਮ ਵਾਲੀ ਜਗ੍ਹਾ, ਧਾਰਮਿਕ ਸਥਾਨ ਅਤੇ ਬਿਲਡਿੰਗ ਆਦਿ ਦੀ ਚਾਰਦੀਵਾਰੀ ਦੇ ਦਾਇਰੇ ਅੰਦਰ ਹੀ ਰਹਿਣੀ ਚਾਹੀਦੀ ਹੈ। ਸੰਬੰਧਤ ਅਧਿਕਾਰੀ ਇਸ ਹੁਕਮ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ। ਇਹ ਹੁਕਮ 20-11-2025 ਤੱਕ ਲਾਗੂ ਰਹਿਣਗੇ। ਜ਼ਿਕਰਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਸ਼ੋਰ ਪ੍ਰਦੂਸਨ ਦੀ ਰੋਕਥਾਮ ਜ਼ਰੂਰੀ ਹੈ ਅਤੇ ਮੈਰਿਜ ਪੈਕੇਸਓ, ਹੋਟਲਾਂ, ਰੈਸਟੋਰੈਂਟਾਂ ਵਿਚ ਲਾਊਡ ਸਪੀਕਰ ਅਤੇ ਡੀ.ਜੇ. ਦੀ ਨਿਯਮਾਂ ਅਨੁਸਾਰ ਵਰਤੋਂ ਨੂੰ ਯਕੀਨੀ ਬਣਾਇਆ ਜਾਣਾ ਲਾਜ਼ਮੀ ਹੈ।

# ਨਗਰ ਕੌਂਸਲ ਬਲਾਚੌਰ ਵਲੋਂ ਸਫਾਈ ਸੇਵਕਾਂ ਦਾ ਮੈਡੀਕਲ ਚੈੱਕਅਪ ਕਰਵਾਉਣ ਲਈ ਕੈਂਪ ਲਗਾਇਆ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਸੁਨੀਲ ਕੋਸ਼ਲ ਜੀ ਤੇ ਕਾਰਜ ਸਾਧਕ ਅਫਸਰ ਸ੍ਰੀ ਸਿਮਰਨ ਢੀਂਡਸਾ ਜੀ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਸਫਾਈ ਸੇਵਕਾਂ ਦਾ ਦਫ਼ਤਰ ਵਿੱਚ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਜਿਸ ਵਿਚ ਡਾਕਟਰ ਗੁਰਮੁੱਖ ਸਿੰਘ ਵਲੋਂ ਸਫਾਈ ਸੇਵਕਾਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਰੀਰਕ ਸਮੱਸਿਆ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਸਹੂਲਤਾਂ ਤੇ ਵੀ ਚਾਨਣਾ ਪਾਇਆ ਗਿਆ। ਸਿਵਲ ਸਰਜਨ ਡਾਕਟਰ ਕੁਲਵਿੰਦਰ ਮਾਨ ਦੀ ਅਗਵਾਈ ਹੇਠ ਸਫਾਈ ਸੇਵਕਾਂ ਦਾ ਮੈਡੀਕਲ ਚੈੱਕਅਪ ਕੈਂਪ ਪੂਰਾ ਕਰਵਾਇਆ ਗਿਆ। ਸੈਨੇਟਰੀ ਇੰਸਪੈਕਟਰ ਸ੍ਰੀ ਭਾਰਤ ਭੂਸ਼ਨ, ਵਿਜੇ ਕੁਮਾਰ ਸੇਨੈਟਰੀ ਇੰਚਾਰਜ, ਬਲਜੀਤ ਰਾਮ ਕਲਰਕ, ਅਜੇ ਕੁਮਾਰ ਸਫਾਈ ਸੁਪਰਵਾਈਜ਼ਰ ਤੇ ਸਵੱਛ ਭਾਰਤ ਟੀਮ ਵੱਲੋਂ ਸਾਰਿਆਂ ਸਫਾਈ ਸੇਵਕਾਂ ਨੂੰ ਆਪਣੀ ਸਰੀਰਕ ਸਾਂਭ ਸੰਭਾਲ ਲਈ ਜਾਗਰੂਕ ਕੀਤਾ ਗਿਆ ਹੈ ਸਮੇਂ ਸਮੇਂ ਤੇ ਸਰਕਾਰੀ ਹਸਪਤਾਲ ਜਾ ਕੇ ਮੁਫ਼ਤ ਇਲਾਜ ਸੰਬੰਧੀ ਜਾਣਕਾਰੀ ਦਿੱਤੀ ਗਈ।

# ਗੁ: ਟਾਹਲੀ ਸਾਹਿਬ ਪਿੰਡ ਸੁੱਧਾ ਮਾਜਰਾ ਵਿਖੇ 21ਵੇਂ ਵਿਸ਼ੇਸ਼ ਗੁਰਮਤਿ ਸਮਾਗਮ ਭਲਕੇ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਹਰ ਸਾਲ ਦੀ ਤਰਾਂ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮਾਂ ਦੀ ਲੜੀ ਦੇ 21ਵੇਂ ਵਿਸ਼ੇਸ਼ ਸਮਾਗਮ ਕਲ੍ਹ (ਮਿਤੀ 05-10-2025 ਦਿਨ ਐਤਵਾਰ) ਨੂੰ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਸੁੱਧਾ ਮਾਜਰਾ ਵਿਖੇ ਸ਼ਾਮ 06:00 ਤੋਂ ਰਾਤ 09:00 ਵਜੇ ਤੱਕ ਕਰਵਾਏ ਜਾਣਗੇ । ਇਹ ਜਾਣਕਾਰੀ ਦਿੰਦੇ ਹੋਏ ਸਮਾਗਮ ਮੈਨੇਜਮੈਂਟ ਕਮੇਟੀ ਦੇ ਪ੍ਰਮੁੱਖ ਸ: ਪਰਵਿੰਦਰ ਸਿੰਘ ਸੁੱਧਾ ਮਾਜਰਾ ਨੇ ਦੱਸਿਆ ਕਿ ਇਸ ਵਾਰ ਦੇ ਗੁਰਮਤਿ ਸਮਾਗਮ ਗੁਰੂ ਨਾਨਕ ਸਾਹਿਬ ਜੀ ਦੇ 556 ਸਾਲਾ ਪ੍ਰਕਾਸ਼ ਪੁਰਬ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਵੀ ਸਮਰਪਿਤ ਹੋਣਗੇ। ਉਨ੍ਹਾਂ ਦਸਿਆ ਕਿ ਇਹ ਸਮਾਗਮ ਗੁਰਦੁਆਰਾ ਕੰਪਲੈਕਸ ਦੇ ਅੰਦਰ ਖੁਲ੍ਹੇ ਪੰਡਾਲ ਵਿੱਚ ਕਰਵਾਏ ਜਾ ਰਹੇ ਹਨ ਅਤੇ ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨਾ ਦੱਸਿਆ ਕਿ ਆਸ




ਪਾਸ ਦੇ ਪਿੰਡਾਂ ਵਿਚੋਂ ਵੀ ਵੱਡੀ ਗਿਣਤੀ ਵਿਚ ਸੰਗਤਾਂ ਵਲੋਂ ਇਸ ਸਮਾਗਮ ਵਿਚ ਸ਼ਿਰਕਤ ਕੀਤੀ ਜਾਵੇਗੀ । ਇਸ ਸਮਾਗਮ ਲਈ ਨਵਾਂਸ਼ਹਿਰ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਨੂੰ ਲਿਆਉਣ ਲਿਜਾਉਣ ਲਈ ਬੱਸ ਸੇਵਾ ਦੇ ਪ੍ਰਬੰਧ ਵੀ ਕੀਤੇ ਗਏ ਹਨ। ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਇਹ ਸਮਾਗਮ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਕਰਵਾਏ ਜਾ ਰਹੇ ਹਨ ਅਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਇਸ ਦੀ ਸਫਲਤਾਪੂਰਵਕ ਸੰਪੂਰਨਤਾ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਸਮਾਗਮ ਦੀ ਅਰੰਭਤਾ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਹੋਵੇਗੀ। ਉਪਰੰਤ ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਗੁ: ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨਾਂ ਤੋਂ ਬਾਅਦ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਗਿਆਨੀ ਸਰਬਜੀਤ ਸਿੰਘ ਢੋਟੀਆਂ ਗੁਰੂ ਨਾਨਕ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ ਅਤੇ ਉਨ੍ਹਾਂ ਵਲੋਂ ਉਚਾਰਣ ਬਾਣੀ ਤੇ ਅਧਾਰਿਤ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਉਨਾ ਨੇ ਸੰਗਤਾਂ ਨੂੰ ਸਮਾਗਮ ਵਿਚ ਵੱਧ ਚੜ ਕੇ ਹਾਜਰੀਆਂ ਭਰਨ ਦੀ ਅਪੀਲ ਕੀਤੀ। ਇਸ ਮੌਕੇ ਉਨਾਂ ਦੇ ਨਾਲ ਸ: ਮੇਜਰ ਸਿੰਘ ਲੋਹਟ, ਮਨਮੋਹਨ ਸਿੰਘ ਲੋਹਟ ਫੌਜੀ ਅਨੂਪ ਸਿੰਘ ਲੋਹਟ, ਮੱਖਣ ਸਿੰਘ ਸੁੱਧਾ ਮਾਜਰਾ, ਬਿੰਦਾ ਸਿੰਘ ਗੁਰਦੁਆਰਾ ਟਾਹਲੀ ਸਾਹਿਬ, ਨਿਰਮਲ ਸਿੰਘ ਗੁ: ਟਾਹਲੀ ਸਾਹਿਬ, ਹਰਸਿਮਰਨਜੀਤ ਸਿੰਘ ਮਾਣੇਵਾਲ, ਬਲਵੰਤ ਸਿੰਘ, ਬਲਜੀਤ ਸਿੰਘ ਮਾਣੇਵਾਲ, ਰਘਵੀਰ ਸਿੰਘ ਹਸਨਪੁਰ ਅਤੇ ਗੁਰਮੁੱਖ ਸਿੰਘ ਮਹਿਮੂਦਪੁਰ ਵੀ ਮੌਜੂਦ ਸਨ।

# ਕੰਟਰੈਕਟ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਯੂਨੀਅਨ ਨੇ ਸੀਨੀਅਰ ਮੈਡੀਕਲ ਅਫਸਰ ਨੂੰ ਦਿੱਤਾ ਮੰਗ ਪੱਤਰ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਅੱਜ ਕੰਟਰੈਕਟ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਯੂਨੀਅਨ ਪੰਜਾਬ ਸੂਬਾ ਪ੍ਰਧਾਨ ਸਰਬਜੀਤ ਕੌਰ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਦੱਸਿਆ 5-10-25 ਨੂੰ ਪਟਿਆਲਾ ਵਿਖੇ ਸਿਹਤ ਮੰਤਰੀ ਜੀ ਦੇ ਘਰ ਦਾ ਘਰਾਓ ਅਤੇ ਰੈਲੀ ਦੀ ਤਿਆਰੀ ਹਰ ਜਿਲ੍ਹੇ ਵਿੱਚ ਬੜੇ ਜੋਰਾ ਨਾਲ ਚੱਲ ਰਹੀ ਹੈ । ਕੰਟਰੈਕਟ ਹੈਲਥ ਵਰਕਰਾਂ ਵਿੱਚ ਭਾਰੀ ਰੋਸ਼ ਹੈ ਕਿਉਂਕਿ ਪਹਿਲਾ ਤਾਂ ਮਹਿਕਮਾ ਕੋਰਟ ਦਾ ਹਵਾਲਾ ਦੇ ਕੇ ਪਿੱਛਲੇ ਕਈ ਸਾਲਾਂ ਤੋਂ ਟਾਲ ਮਟੋਲ ਕਰ ਰਿਹਾ ।ਹੁਣ ਮਾਨਯੋਗ ਹਾਈ ਕੋਰਟ ਵੱਲੋਂ ਸਾਰੀਆਂ ਰੋਕਾਂ ਹਟਾ ਕੇ ਸਾਡੇ ਹੱਕ ਵਿੱਚ ਫ਼ੈਸਲੇ ਦੇਣ ਦੇ ਬਾਵਜੂਦ ਵੀ ਮਹਿਕਮਾ ਪੱਲਾ ਨਹੀਂ ਫੜਾ ਰਿਹਾ

ਸਮੇਂ ਸਮੇਂ ਦੀਆਂ ਸਰਕਾਰਾਂ ਅਤੇ ਮੌਜੂਦਾ ਸਰਕਾਰ ਨੇ ਪਿਛਲੇ ਕਈ ਸਾਲਾਂ ਤੋਂ ਬਰਾਬਰ ਕੰਮ ਬਰਾਬਰ ਤਨਖਾਹ ਦੇਣ ਦੇ ਫ਼ੈਸਲੇ ਤੇ ਮਾਨਯੋਗ ਹਾਈ ਕੋਰਟ ਵੱਲੋਂ ਰੋਕ ਲੱਗੀ ਦਾ ਬਹਾਨਾ ਬਣਾ ਕੇ ਸਾਨੂੰ ਇੰਨੇ ਸਾਲ ਖੱਜਲ ਖੁਆਰ ਕੀਤਾ । ਸਾਡੇ ਹੱਕ ਵਿੱਚ ਫ਼ੈਸਲੇ ਆਏ ਨੂੰ ਹੁਣ ਅੱਠ ਮਹੀਨੇ ਬੀਤ ਜਾਣ ਤੇ ਵੀ ਟਾਲ ਮਟੋਲ ਦੀ ਨੀਤੀ ਅਪਣਾਈ ਹੋਈ ਹੈ । ਯੂਨੀਅਨ ਦੀਆਂ ਵਿਭਾਗੀ ਅਤੇ ਹੱਕੀ ਮੰਗਾਂ ਤੇ ਮੀਟਿੰਗਾਂ ਕਰ ਕੇ ਸਿਰਫ ਇੱਕ ਡਰਾਮੇਬਾਜ਼ੀ ਅਤੇ ਡੰਗ ਟਪਾਊ ਨੀਤੀ ਅਪਣਾਈ ਹੋਈ ਹੈ।ਕਿਸੇ ਵੀ ਮੀਟਿੰਗ ਨੂੰ ਲਿਖਤੀ ਰੂਪ ਵਿੱਚ ਅਮਲ ਵਿੱਚ ਨਹੀ ਲਿਆਂਦਾ ਜਾ ਰਿਹਾ ਜਿਸ ਤੋਂ ਸਿਹਤ ਵਿਭਾਗ ਅਤੇ ਪੰਜਾਬ ਸਰਕਾਰ ਦੀ ਨੀਅਤ ਦਾ ਸਾਫ ਪਤਾ ਲੱਗਦਾ ਹੈ । ਪਿਛਲੀਆਂ ਸਾਰੀਆਂ ਪੈਨਲ ਮੀਟਿੰਗਾਂ ਵਿੱਚ ਲਾਰੇ ਤੋਂ ਬਿਨਾਂ ਅੱਜ ਤੱਕ ਕੁਝ ਨਹੀਂ ਮਿਲਿਆ।ਸਾਡੇ ਵਕੀਲ ਸਾਬ ਅਨੁਸਾਰ ਪਹਿਲਾ ਕੀਤੇ ਫ਼ੈਸਲੇ ਨੂੰ ਲਾਗੂ ਕਰਨ ਲਈ ਸਰਕਾਰ ਦੀਆਂ ਦੋਬਾਰਾ



ਮਨਜ਼ੂਰੀਆਂ ਲੈਣ ਦੀ ਲੋੜ ਨਹੀਂ ਹੈ ਮਹਿਕਮਾ ਉਸ ਨੂੰ ਆਪਣੇ ਤੌਰ ਤੇ ਲਾਗੂ ਕਰ ਸਕਦਾ ਹੈ । ਰਹੀ ਗੱਲ ਪੁਰਾਣੇ ਬਕਾਏ ਦੇਣ ਦੀ ਮਨਜੂਰੀ ਲੈਣ ਦੀ ਉਹ ਵਿਭਾਗ ਬਾਅਦ ਵਿੱਚ ਵੀ ਆਪਣੇ ਤੌਰ ਤੇ ਲੈ ਸਕਦਾ ਹੈ । ਇਸ ਕਰਕੇ ਸੰਘਰਸ਼ ਨੂੰ ਦਬਾਉਣ ਲਈ ਹੁਣ ਫਿਰ 6-10-25 ਦੀ ਮੀਟਿੰਗ ਦਿੱਤੀ ਗਈ ਜੋ ਬਿਲਕੁਲ ਸਾਫ਼ ਪਤਾ ਲੱਗਦਾ ਹੈ ਕਿ 5-10-25 ਦੀ ਜੋ ਪਟਿਆਲਾ ਵਿਖੇ ਰੋਸ਼ ਰੈਲੀ ਰੱਖੀ ਹੋਈ ਹੈ ਉਸ ਨੂੰ ਟਾਲਣ ਲਈ ਮੀਟਿੰਗ ਦਿੱਤੀ ਗਈ ਹੈ ਸਾਨੂੰ ਬਿਲਕੁੱਲ ਸਾਫ ਪਤਾ ਹੈ ਕਿ ਇਸ ਮੀਟਿੰਗ ਵਿਚ ਸਾਡੇ ਲਈ ਕੁਝ ਨਹੀਂ ਹੈ ਸਿਵਾਏ ਲਾਰੇਲੱਪੇ ਤੋਂ ਇਸ ਕਰਕੇ ਅਸੀਂ ਅਪਣੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਸਰਕਾਰ ਵਿਰੁੱਧ ਰੋਸ਼ ਪ੍ਰਦਰਸਨ ਕਰਾਂਗੀਆ ।ਜੇਕਰ ਸਰਕਾਰ ਨੇ ਕੁਝ ਕਰਨਾ ਹੈ ਤਾਂ ਉਸ ਦਾ ਲਿਖਤੀ ਆਰਡਰ ਕਰੇ ਅਤੇ ਲਾਗੂ ਕਰੇ । ਬਰਾਬਰ ਕੰਮ ਬਰਾਬਰ ਤਨਖਾਹ ਤੇ ਅਜੇ ਤੱਕ ਕੋਈ ਵੀ ਵਿਭਾਗੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ । ਕੰਟਰੈਕਟ ਹੈਲਥ ਵਰਕਰਾਂ ਵੱਲੋਂ ਆਪਣੀਆਂ ਬਦਲੀਆਂ ਦੀਆਂ ਅਰਜ਼ੀਆਂ ਸਿਫਾਰਸ਼ ਸਮੇਤ ਦਿੱਤੀਆਂ ਹੋਣ ਦੇ ਬਾਵਜੂਦ ਵੀ ਬਦਲੀਆਂ ਨਹੀਂ ਕੀਤੀਆਂ ਗਈਆਂ । ਇਸ ਤੋਂ ਇਲਾਵਾਂ ਕਿਸੇ ਵੀ ਵਿਭਾਗੀ ਮਸਲੇ ਦਾ ਹੱਲ ਨਹੀਂ ਕੀਤਾ ਗਿਆ। ਅਸੀ ਪਿਛਲੀਆਂ ਪੈਨਲ ਮੀਟਿੰਗਾਂ ਦੇ ਲਾਰਿਆ ਤੋਂ ਤੰਗ ਆ ਕੇ ਹੀ ਸੰਘਰਸ਼ ਦੇ ਰਾਹ ਪਏ ਹਾਂ ਅਤੇ ਹੁਣ ਲਗਾਤਾਰ ਸੰਘਰਸ਼ ਕਰਾਂਗੀਆ ਅਤੇ ਸਿਹਤ ਮੰਤਰੀ ਦੇ ਘਰ ਅੱਗੇ ਕਾਲੀ ਦੀਵਾਲੀ ਵੀ ਮਨਾਵਾਂਗੀਆਂ ਆਉਣ ਵਾਲੇ ਦਿਨਾਂ ਵਿੱਚ ਜ਼ਿਮਨੀ ਚੋਣਾਂ ਵਿੱਚ ਵੀ ਰੈਲੀਆਂ ਅਤੇ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਰਹਿਣਗੇ ਜਦੋਂ ਤੱਕ ਸਾਡੀਆ ਮੰਗਾਂ ਦਾ ਪੱਕਾ ਹੱਲ ਹੋ ਕੇ ਲਾਗੂ ਨਹੀਂ ਹੁੰਦੀਆਂ । ਕੰਟਰੈਕਟ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਯੂਨੀਅਨ ਪੰਜਾਬ ਦੇ ਆਗੂਆਂ ਵੱਲੋਂ ਕਿਹਾ ਗਿਆ ਕਿ ਥਾਂ ਥਾਂ ਤੇ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਬੋਰਡ ਲਾਉਣ ਨਾਲ ਗੱਲ ਨਹੀਂ ਬਣਨੀ ਪੜੀਆ ਲਿਖੀਆਂ ਬੇਟੀਆਂ ਨੂੰ ਉਹਨਾਂ ਦਾ ਬਣਦਾ ਹੱਕ ਦੇਣਾ ਅਤੇ ਪੱਕਾ ਰੋਜ਼ਗਾਰ ਦੇਣਾ ਵੀ ਸਰਕਾਰ ਦੀ ਜਿੰਮੇਵਾਰੀ ਹੈ । ਅਪਣੇ ਹੱਕ ਲੈਣ ਲਈ ਬੇਟੀਆਂ ਨੂੰ ਲਗਾਤਾਰ ਸੜਕਾਂ ਤੇ ਧਰਨੇ ਪ੍ਰਦਰਸ਼ਨ ਅਤੇ ਰੋਸ਼ ਰੈਲੀਆਂਕਰਨੀਆਂ ਪੈ ਰਹੀਆਂ ਹਨ। ਇਸ ਆਨਲਾਈਨ ਮੀਟਿੰਗ ਵਿੱਚ ਸਟੇਟ ਕਮੇਟੀ ਮੈਂਬਰ ਅਤੇ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨ ਅਮਰੀਕ ਸਿੰਘ, ਬਲਜਿੰਦਰਪਾਲ ਕੌਰ, ਸਤਿੰਦਰ ਕੌਰ, ਪ੍ਰਭਦੀਪ ਕੌਰ, ਸੁਖਬੀਰ ਕੌਰ , ਚੰਚਲ ਬਾਲਾ, ਭਿੰਦਰ ਕੌਰ, ਕੁਲਜੀਤ ਕੌਰ , ਦਜਿੰਦਰ ਕੌਰ , ਰੁਪਿੰਦਰ ਕੌਰ , ਜਰਨੈਲ ਕੌਰ , ਰਾਜਿੰਦਰ ਕੌਰ ਜਯੋਤੀ ਸ਼ਰਮਾ , ਅੰਮ੍ਰਿਤ ਕੌਰ , ਜਸਵਿੰਦਰ ਕੌਰ, ਗੁਰਪ੍ਰੀਤ ਕੌਰ, ਵੀਰਪਾਲ ਕੌਰ ,ਨੀਲਮ ਰਾਣੀ , ਬਲਵਿੰਦਰ ਕੌਰ, ਨਿਸ਼ਾ ਸ਼ਰਮਾ , ਗੁਰਵਿੰਦਰ ਕੌਰ, ਰਾਜਵਿੰਦਰ ਕੌਰ, ਸ਼ਰਨਜੀਤ ਕੌਰ, ਪਰਮਜੀਤ ਕੌਰ , ਲਖਵਿੰਦਰ ਕੌਰ ,ਜਸਵਿੰਦਰ ਕੌਰ, ਆਦਿ ਹਾਜ਼ਰ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਨੇ ਲਗਾਇਆ ਵਿੱਦਿਅਕ ਟੂਰ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ)** ਸਿੱਖ ਨੈਸ਼ਨਲ ਕਾਲਜ, ਬੰਗਾ ਦੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਨੇ 25 ਸਤੰਬਰ 2025 ਨੂੰ ਡਾ. ਕਮਲਦੀਪ ਕੌਰ, ਵਿਭਾਗ ਮੁਖੀ ਦੀ ਅਗਵਾਈ ਹੇਠ ਇੱਕ ਵਿਦਿਅਕ-ਕਮ-ਇੰਡਸਟਰੀਅਲ ਫੇਰੀ ਦਾ ਆਯੋਜਨ ਕੀਤਾ, ਜਿਸ ਦੇ ਨਾਲ ਫੈਕਲਟੀ ਮੈਂਬਰ ਪ੍ਰੋ. ਰਮਨਦੀਪ ਕੌਰ, ਪ੍ਰੋ. ਹਰਦੀਪ ਕੌਰ ਅਤੇ ਪ੍ਰੋ. ਮਨਰਾਜ ਕੌਰ ਵੀ ਸ਼ਾਮਲ ਸਨ। ਬੀ.ਕਾਮ, ਬੀਬੀਏ ਅਤੇ ਐਮ.ਕਾਮ ਕਲਾਸਾਂ ਦੇ 50 ਵਿਦਿਆਰਥੀਆਂ ਦੇ ਇੱਕ ਸਮੂਹ ਨੇ ਇਸ ਦੌਰੇ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਫੇਰੀ ਦੀ ਸ਼ੁਰੂਆਤ ਲੁਧਿਆਣਾ ਸਟਾਕ ਐਂਡ ਕੈਪੀਟਲ ਲਿਮਿਟਿਡ (ਸਟਾਕ ਐਕਸਚੇਂਜ) ਵਿਖੇ ਇੱਕ ਇੰਟਰਐਕਟਿਵ ਸੈਸ਼ਨ ਨਾਲ ਹੋਈ, ਜਿੱਥੇ ਵਿਦਿਆਰਥੀਆਂ ਨੇ ਵਪਾਰ ਪ੍ਰਣਾਲੀਆਂ, ਵਿੱਤੀ ਬਾਜ਼ਾਰਾਂ



ਅਤੇ ਨਿਵੇਸ਼ ਰਣਨੀਤੀਆਂ ਦਾ ਵਿਹਾਰਕ ਅਨੁਭਵ ਪ੍ਰਾਪਤ ਕੀਤਾ। ਇਸ ਤੋਂ ਬਾਅਦ ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਸਾਹਿਬ ਦਾ ਦੌਰਾ ਕੀਤਾ ਗਿਆ, ਜਿੱਥੇ ਵਿਦਿਆਰਥੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਧਿਆਤਮਿਕ ਸਿੱਖਿਆਵਾਂ ਅਤੇ ਕੁਰਬਾਨੀਆਂ ਨਾਲ ਜੁੜਿਆ। ਅਗਲਾ ਸਥਾਨ, ਮਹਾਰਾਜਾ ਰਣਜੀਤ ਸਿੰਘ ਜੰਗੀ ਅਜਾਇਬ ਘਰ, ਨੇ ਪੰਜਾਬ ਦੇ ਫੌਜੀ ਇਤਿਹਾਸ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਨਦਾਰ ਵਿਰਾਸਤ ਬਾਰੇ ਕੀਮਤੀ ਜਾਣਕਾਰੀ ਪੇਸ਼ ਕੀਤੀ। ਇਹ ਟੂਰ ਚਿੜੀਆਘਰ ਦੇ ਦੌਰੇ ਨਾਲ ਸਮਾਪਤ ਹੋਇਆ, ਜਿਸ ਨੇ ਵਿਦਿਆਰਥੀਆਂ ਵਿੱਚ ਜੈਵ ਵਿਭਿੰਨਤਾ, ਜੰਗਲੀ ਜੀਵ ਸੰਭਾਲ ਅਤੇ ਵਾਤਾਵਰਣ ਸੰਤੁਲਨ ਪ੍ਰਤੀ ਜਾਗਰੂਕਤਾ ਨੂੰ ਵਧਾਇਆ। ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ, ਇਹ ਨੋਟ ਕਰਦੇ ਹੋਏ ਕਿ ਅਜਿਹੇ ਦੌਰੇ ਵਿਦਿਆਰਥੀਆਂ ਨੂੰ ਉਦਯੋਗਿਕ ਸੰਪਰਕ ਨੂੰ ਅਧਿਆਤਮਿਕ, ਇਤਿਹਾਸਕ ਅਤੇ ਵਾਤਾਵਰਣ ਜਾਗਰੂਕਤਾ ਨਾਲ ਜੋੜ ਕੇ ਸੰਪੂਰਨ ਸਿੱਖਣ ਦੇ ਮੌਕੇ ਪ੍ਰਦਾਨ ਕਰਦੇ ਹਨ।

# ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਪਿੰਡ ਗੁਣਾਚੌਰ ਦੇ ਲੋੜਵੰਦ ਪਰਿਵਾਰਾਂ ਦੀ ਕੀਤੀ ਗਈ ਮਦਦ

**ਬੰਗਾ(ਚਰਨਜੀਤ ਸੱਲ੍ਹਾਂ)–** ਪਿਛਲੇ ਦਿਨੀਂ ਭਾਰੀ ਬਾਰਿਸ਼ ਨਾਲ਼ ਨੁਕਸਾਨੇ ਗਏ ਪਿੰਡ ਗੁਣਾਚੌਰ ਦੇ ਲੋੜਵੰਦ ਪਰਿਵਾਰਾਂ ਦੀ ਆਰਥਿਕ ਮਦਦ ਰੋਟਰੀ ਕਲੱਬ ਬੰਗਾ ਗ੍ਰੀਨ ਅਤੇ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਬੈਡ ਫੋਰਡ(ਯੂ.ਕੇ) ਵੱਲੋਂ ਕੀਤੀ ਗਈ । ਪਿੰਡ ਦੇ ਨਿਵਾਸੀ ਸੁਖਦੇਵ ਸਿੰਘ ਦਾ ਬਿਲਕੁਲ ਨਵਾਂ ਬਣਾਇਆ ਘਰ ਬਾਰਿਸ਼ ਨਾਲ ਪੂਰੀ ਤਰਾਂ ਨੁਕਸਾਨਿਆਂ ਗਿਆ ਸੀ ਅਤੇ ਉਨ੍ਹਾਂ ਨੇ ਬੇਟੀ ਦਾ ਵਿਆਹ ਵੀ ਰੱਖਿਆ ਹੋਇਆ ਹੈ । ਅਜਿਹੀ ਘੜੀ ਵਿਚ ਰੋਟਰੀ ਕਲੱਬ ਬੰਗਾ ਅਤੇ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਬਾਂਹ ਫੜਦੇ ਹੋਏ ਉਨ੍ਹਾਂ ਦੀ 21000 ਰੁਪਏ ਦੀ ਮਦਦ ਕੀਤੀ । ਇਸ ਤੋਂ ਬਿਨ੍ਹਾਂ ਪਿੰਡ ਨਿਵਾਸੀ ਪਰਮਜੀਤ ਬਸਰਾ ਜੋ ਕਿ ਪੋਲੀਓ ਦੀ ਬਿਮਾਰੀ ਤੋਂ ਪੀੜਿਤ ਹਨ ਅਤੇ ਉਨ੍ਹਾਂ ਦਾ ਘਰ ਵੀ ਨੁਕਸਾਨਿਆਂ ਗਿਆ ਹੈ ਦੀ ਕਲੱਬ ਵੱਲੋਂ ਗਿਆਰਾਂ ਹਜ਼ਾਰ ਰੁਪਏ ਦੀ ਮਦਦ ਕੀਤੀ ਗਈ । ਇਸ ਮੌਕੇ ਕਲੱਬ ਦੇ ਪ੍ਰਧਾਨ ਸ. ਦਿਲਬਾਗ ਸਿੰਘ



ਬਾਗੀ ਅਤੇ ਉਪ ਪ੍ਰਧਾਨ ਸ਼ਮਿੰਦਰ ਸਿੰਘ ਗਰਚਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨਾ ਹੀ ਸੰਸਥਾ ਦਾ ਅਸਲੀ ਮੰਤਵ ਹੈ ਰੋਟਰੀ ਕਲੱਬ ਬੰਗਾ ਗ੍ਰੀਨ ਹਮੇਸ਼ਾ ਲੋੜਵੰਦ ਪਰਿਵਾਰਾਂ ਦੀ ਮਦਦ ਕਰਨ ਲਈ ਤਤਪਰ ਰਹਿੰਦੀ ਹੈ । ਸੰਸਥਾ ਨਾਲ ਜੁੜੇ ਸਮੂਹ ਮੈਂਬਰਾਂ ਦਾ ਮਕਸਦ ਨਿਸ਼ਕਾਮ ਭਾਵ ਨਾਲ਼ ਲੋੜਵੰਦ ਪਰਿਵਾਰਾਂ ਦੀ ਮਦਦ ਕਰਦੇ ਹਨ । ਪਿੰਡ ਦੇ ਸਰਪੰਚ ਤਲਵਿੰਦਰ ਸ਼ੇਰਗਿੱਲ ਨੇ ਸਮੂਹ ਸੰਸਥਾ ਮੈਂਬਰਜ਼ ਦਾ ਇਸ ਨੇਕ ਕਾਰਜ ਲਈ ਧੰਨਵਾਦ ਕਰਦੇ ਹੋਏ ਕਿਹਾ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਲੋੜਵੰਦ ਪਰਿਵਾਰਾਂ ਦੀ ਬਹੁਤ ਵੱਡੀ ਮਦਦ ਕਰ ਰਹੀ ਹੈ ਅਤੇ ਉਨ੍ਹਾਂ ਦੀ ਸਮਾਜ ਨੂੰ ਮਿਸਾਲੀ ਦੇਣ ਹੈ । ਉਨ੍ਹਾਂ ਨੂੰ ਆਸ ਹੈ ਕਿ ਸੰਸਥਾ ਅੱਗੇ ਭਵਿੱਖ ਵਿਚ ਵੀ ਸਮਾਜ ਸੇਵਾ ਦੇ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੀ ਰਹੇਗੀ । ਉਨ੍ਹਾਂ ਇਸ ਪ੍ਰੋਜੈਕਟ ਦੇ ਚੈਅਰਮੈਨ ਰੋਟੇ ਸ ਰਣਜੀਤ ਸਿੰਘ ਕੰਦੋਲਾ ਹੋਰਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜੋ ਕਿ ਵਰਦੇ ਮੀਂਹ ਦੌਰਾਨ ਹੀ ਨੁਕ- ਸਾਨੇ ਘਰਾਂ ਦਾ ਮੌਕਾ ਦੇਖਣ ਪੁੱਜੇ ਸਨ । ਇਸ ਮੌਕੇ ਰੋਟਰੀ ਕਲੱਬ ਉਪ ਪ੍ਰਧਾਨ ਸ਼ਮਿੰਦਰ ਸਿੰਘ ਗਰਚਾ, ਰੋਟੇ. ਜੀਵਨ ਦਾਸ ਕੌਸ਼ਲ ਪਾਸਟ ਸਕੱਤਰ,ਰੋਟੇ. ਡਾ ਪਰਮਜੀਤ ਸਿੰਘ ਰੱਤੂ, ਰੋਟੇ. ਗੁਰਬਖਸ਼ ਰਾਮ ਐਸ ਡੀ ਓ ਪਾਵਰਕਾਮ ,ਰੋਟੇ. ਸ਼੍ਰੀ ਦਵਿੰਦਰ ਕੁਮਾਰ , ਰੋਟੇ .ਸ ਹਰਮਿੰਦਰ ਸਿੰਘ ਲੱਕੀ, ਰੋਟੇ. ਸ ਬਲਵਿੰਦਰ ਸਿੰਘ ਪਾਂਧੀ,ਰੋਟੇ. ਸ ਸੁਖਵਿੰਦਰ ਸਿੰਘ ਧਾਮੀ,ਰੋਟੇ.ਸ਼੍ਰੀ ਰਾਮ ਤੀਰਥ,ਰੋਟੇ. ਸ਼੍ਰੀ. ਬਲਵੀਰ ਕੁਮਾਰ ਸਿਵਲ ਸਰਜਨ ਹੁਸ਼ਿਆਰਪੁਰ, ਨਰਿੰਦਰ ਮਾਹੀ ਮਨਜਿੰਦਰ ਸਿੰਘ ਅਤੇ ਰੋਟੇ. ਰਣਜੀਤ ਸਿੰਘ ਕੰਦੋਲਾ ਹਾਜ਼ਰ ਰਹੇ।

# ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਵੱਲੋਂ ਸਵੱਛਤਾ ਅਭਿਆਨ ਮਨਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਇੱਕ ਕਦਮ ਸਵੱਛਤਾ ਵੱਲ "ਸਵੱਛਤਾ ਹੀ ਸੇਵਾ ਹੈ" ਅਭਿਆਨ ਤਹਿਤ ਅੱਜ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਸਟਾਫ ਅਤੇ ਮਰੀਜਾਂ ਵੱਲੋਂ ਸਵੱਛਤਾ ਅਭਿਆਨ ਮਨਾਇਆ ਗਿਆ। ਇਹ ਅਭਿਆਨ ਸਿਵਲ ਸਰਜਨ ਡਾ. ਬਲਵੀਰ ਕੁਮਾਰ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਮਹਿਮਾ ਮਨਹਾਸ ਮੈਡੀਕਲ ਅਫਸਰ ਜਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਕੇਂਦਰ ਹੁਸ਼ਿਆਰਪੁਰ ਦੀ ਅਗਵਾਈ ਹੇਠ ਸਮੂਹ ਸਟਾਫ਼ ਦੇ ਸਹਿਯੋਗ ਨਾਲ ਮਨਾਇਆ



ਗਿਆ। ਇੱਕ ਮੌਕੇ ਤੇ ਡਾ. ਮਹਿਮਾ ਨੇ ਕਿਹਾ ਕਿ ਜੇਕਰ ਅਸੀਂ ਸਵੱਛ ਰਹਿਣ ਦੀ ਭਾਵਨਾ ਨਾਲ ਆਪਣਾ ਘਰ, ਦਫਤਰ ਅਤੇ ਆਲਾ ਦੁਆਲਾ ਸਾਫ ਰੱਖਾਂਗੇ ਤਾਂ ਹੀ ਅਸੀਂ ਦੇਸ਼ ਨੂੰ ਸਾਫ ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਦੇ ਸਕਾਂਗੇ। ਇਸ ਦੇ ਨਾਲ ਦੋ ਫਾਇਦੇ ਹੋ ਸਕਦੇ ਹਾਂ, ਇੱਕ ਆਪਣਾ ਕੰਮ ਕਰਨ ਨਾਲ ਸਾਡੀ ਸਰੀਰਕ ਕਸਰਤ ਹੋ ਜਾਂਦੀ ਤੇ ਦੂਸਰਾ ਜੇਕਰ ਅਸੀਂ ਸਵੱਛਤਾ ਦੀ ਭਾਵਨਾ ਰੱਖਣ ਅਸੀਂ ਕਈ ਬਿਮਾਰੀਆਂ ਤੋਂ ਬੱਚ ਸਕਾਂਗੇ। ਇਸ ਮੌਕੇ ਮੈਨੇਜਰ ਨਿਸ਼ਾ ਰਾਣੀ, ਕਾਉਸਲਰ ਸੰਦੀਪ ਕੁਮਾਰੀ, ਕਾਉਸਲਰ ਪ੍ਰਸ਼ਾਂਤ ਆਦਿਆ, ਕਾਉਸਲਰ ਰਜਵਿੰਦਰ ਕੌਰ, ਸਟਾਫ਼ ਨਰਸ ਹਰਦੀਪ ਕੌਰ, ਗੁਰਸਿਮਰਨ ਸਿੰਘ, ਪ੍ਰਿੰਸ ਗਿੱਲ, ਵਾਰਡ ਅਟੈਡੈਂਟ ਹਰੀਸ਼ ਕੁਮਾਰੀ, ਅਲਕਾ, ਰਜਨੀ, ਰਚਨਾ, ਰਕੇਸ਼ ਆਦਿ ਹਾਜ਼ਿਰ ਸੀ।

# ਮਾਤਾ ਜੈ ਰਾਣੀ ਜੈਨ ਦੀਆਂ ਅੱਖਾਂ ਨਾਲ ਦੋ ਹਨੇਰੀ ਜ਼ਿੰਦਗੀਆਂ ਨੂੰ ਮਿਲੇਗੀ ਰੌਸ਼ਨੀ - ਸੰਜੀਵ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅਸ਼ੋਕ ਨਗਰ, ਵਕੀਲਾਂ ਬਜ਼ਾਰ ਨਿਵਾਸੀ 75 ਸਾਲਾ ਜੈ ਰਾਣੀ ਜੈਨ ਦੇ ਦੇਹਾਂਤ ਉਪਰੰਤ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਆਪਣੀ ਮਾਤਾ ਦੇ ਨੇਤਰ ਰੋਟਰੀ ਆਈ ਬੈਂਕ ਰਾਹੀਂ ਥਿੰਦ ਆਈ ਹਸਪਤਾਲ ਨੂੰ ਦਾਨ ਕਰ ਦਿੱਤੇ। ਦਾਨ ਲੈਣ ਦੀ ਪ੍ਰਕਿਰਿਆ ਨੂੰ ਡਾ. ਅਮਨਿੰਦਰ ਪਾਲ, ਅਮਨਦੀਪ ਸਿੰਘ, ਅਮਰਜੀਤ ਕੌਰ ਅਤੇ ਅਸਿਸਟੈਂਟ ਗੁਰਪ੍ਰੀਤ ਸਿੰਘ ਨੇ ਪੂਰਾ ਕੀਤਾ। ਇਸ ਮੌਕੇ ਰੋਟਰੀ ਆਈ ਬੈਂਕ ਦੇ ਚੇਅਰਮੈਨ ਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੇ ਪਰਿਵਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮਾਤਾ ਜੈ ਰਾਨੀ ਜੈਨ ਦੀਆਂ ਅੱਖਾਂ ਨਾਲ ਦੋ ਹਨ੍ਹੇਰੀ ਜ਼ਿੰਦਗੀਆਂ ਰੌਸ਼ਨ ਹੋਣਗੀਆਂ ਜੋ ਅੱਜ ਤੱਕ ਕਾਰਨੀਆ ਬਲਾਇਡਨੈੱਸ ਕਾਰਨ ਹਨ੍ਹੇਰੀ ਜਿੰਦਗੀ ਜੀ ਰਹੀਆਂ ਸਨ। ਉਨ੍ਹਾਂ ਨੇ ਦੱਸਿਆ ਕਿ ਇੱਕ ਵਿਅਕਤੀ ਵੱਲੋਂ ਦਾਨ ਕੀਤੀਆਂ ਅੱਖਾਂ ਦੋ ਲੋਕਾਂ ਨੂੰ ਲੱਗਦੀਆਂ



ਹਨ। ਸ਼੍ਰੀ ਅਰੋੜਾ ਨੇ ਕਿਹਾ ਕਿ ਜੇ ਤੁਹਾਡੇ ਆਸ-ਪਾਸ ਕਿਸੇ ਦੀ ਮੌਤ ਹੋਵੇ ਤਾਂ ਉਸ ਦੀਆਂ ਅੱਖਾਂ ਮੌਤ ਤੋਂ 6 ਤੋਂ 8 ਘੰਟਿਆਂ ਦੇ ਅੰਦਰ ਲਈਆਂ ਜਾ ਸਕਦੀਆਂ ਹਨ। ਜੇ ਪਰਿਵਾਰ ਸਹੀ ਸਮੇਂ ਸੂਚਨਾ ਦੇਵੇ ਤਾਂ ਉਸ ਦੀਆਂ ਅੱਖਾਂ ਦਾਨ ਕਰਵਾਈਆਂ ਜਾ ਸਕਦੀਆਂ ਹਨ ਜੋ ਕਿਸੇ ਦੇ ਅੰਨ੍ਹੇਰੇ ਜੀਵਨ ਨੂੰ ਰੌਸ਼ਨ ਕਰਨ ਵਿੱਚ ਸਹਾਇਕ ਸਾਬਤ ਹੁੰਦੀਆਂ ਹਨ। ਇਸ ਮੌਕੇ ਪਤੀ ਸਿਕੰਦਰ ਲਾਲ ਜੈਨ ਅਤੇ ਪੁੱਤਰ ਸੰਦੀਪ ਜੈਨ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਦੀ ਇੱਛਾ ਸੀ ਕਿ ਮਰਣ ਉਪਰੰਤ ਉਨਾਂ ਦੇ ਨੇਤਰਦਾਨ ਕਰਵਾਏ ਜਾਣ, ਇਸ ਲਈ ਪਰਿਵਾਰ ਵੱਲੋਂ ਉਨ੍ਹਾਂ ਦੀ ਇੱਛਾ ਨੂੰ ਪੂਰਾ ਕਰਦੇ ਹੋਏ ਨੇਤਰਦਾਨ ਕਰਵਾਏ ਗਏ। ਇਸ ਮੌਕੇ ਸੋਸਾਇਟੀ ਵੱਲੋਂ ਮਦਨ ਲਾਲ ਮਹਾਜਨ, ਵਿਜੇ ਅਰੋੜਾ ਅਤੇ ਈਸ਼ਾਨ ਜੈਨ ਵੀ ਮੌਜੂਦ ਸਨ।

# ਬਲਾਕ ਮੁਕਤਸਰ -1 ਦੇ ਬਲਾਕ ਪੱਧਰੀ ਸਾਇੰਸ ਸੈਮੀਨਾਰ ਕਰਵਾਏ ਗਏ

**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਮੁਕਤਸਰ -1 ਦੇ ਬਲਾਕ ਪੱਧਰੀ ਸਾਇੰਸ ਸੈਮੀਨਾਰ ਮਾਨਯੋਗ ਜਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਰਾਜਿੰਦਰ ਕੁਮਾਰ ਸੋਨੀ ਜੀ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਮੁਕਤਸਰ ਵਿਖੇ ਕਰਵਾਏ ਗਏ। ਇਹ ਮੁਕਾਬਲੇ ਬਲਾਕ ਮੁਕਤਸਰ -1 ਦੇ ਸਹਾਇਕ ਬਲਾਕ ਨੋਡਲ ਅਫਸਰ ਪ੍ਰੀਤਮ ਸਿੰਘ ਹੈਡ ਮਾਸਟਰ ਅਤੇ ਮੁੱਖ ਪ੍ਰਬੰਧਕ ਗੁਰਦੀਪ ਸਿੰਘ ਸਾਇੰਸ ਮਾਸਟਰ ਦੀ ਯੋਗ ਰਹਿਨੁਮਾਈ ਹੇਠ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਅਮਿਤ ਕੁਮਾਰ ਲੈਕਚਰਾਰ ਫਿਜ਼ਿਕਸ, ਸੁਖਦੀਪ ਸਿੰਘ ਲੈਕਚਰਾਰ ਫਿਜਿਕਸ, ਜਗਮੀਤ ਸਿੰਘ ਸਾਇੰਸ ਮਾਸਟਰ ਨੇ ਜਜਮੈਂਟ ਦੀ ਭੂਮਿਕਾ ਨਿਭਾਈ। ਇਸੇ ਤਰ੍ਹਾਂ ਰਜਿਸਟਰੇਸ਼ਨ ਦੇ ਲਈ ਕਮਲਜੀਤ ਕੌਰ ਸਾਇੰਸ ਮਿਸਟ੍ਰੈਸ ਨੇ ਅਹਿਮ ਭੂਮਿਕਾ ਨਿਭਾਈ। ਸਰਟੀਫਿਕੇਟ ਵੰਡ ਕਮੇਟੀ ਵਿੱਚ ਮੋਨਿਕਾ ਵਰਮਾ





ਪੰਜਾਬੀ ਮਿਸਟ੍ਰੈਸ, ਪ੍ਰਭਜੀਤ ਸਿੰਘ ਇੰਗਲਿਸ਼ ਮਾਸਟਰ ਨੇ ਆਪਣਾ ਯੋਗਦਾਨ ਪਾਇਆ। ਰਿਫਰੈਸ਼ਮੈਂਟ ਲਈ ਰਾਕੇਸ਼ ਕੁਮਾਰ ਕਲਰਕ ਨੇ ਆਪਣਾ ਯੋਗਦਾਨ ਪਾਇਆ। ਇਹਨਾਂ ਮੁਕਾਬਲਿਆਂ ਵਿੱਚ ਪਹੁੰਚੀਆਂ ਹੋਈਆਂ ਟੀਮਾਂ ਵਿੱਚੋਂ ਪਹਿਲਾ ਸਥਾਨ ਖੁਸ਼ਦੀਪ ਕੌਰ ਸਰਕਾਰੀ ਹਾਈ ਸਕੂਲ ਬੂੜਾ ਗੁਜਰ, ਦੂਜਾ ਸਥਾਨ ਸੰਦੀਪ ਕੌਰ ਸਰਕਾਰੀ ਹਾਈ ਸਕੂਲ ਜਵਾਹਰੇਵਾਲਾ, ਤੀਜਾ ਸਥਾਨ ਅਸਮੀਤ ਕੌਰ ਸਰਕਾਰੀ ਹਾਈ ਸਕੂਲ ਭੰਗੇਵਾਲਾ ਨੇ ਪ੍ਰਾਪਤ ਕੀਤਾ। ਜਸਵਿੰਦਰ ਪਾਲ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਇਸ ਮੁਕਾਬਲੇ ਦੇ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਨਾਲ ਨਾਲ ਸਟਾਫ ਵੀ ਹਾਜ਼ਰ ਸੀ। ਮੁਕਾਬਲੇ ਦੇ ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਗੌਰਤਲਬ ਹੈ ਕਿ ਇਹ ਬਲਾਕ ਪੱਧਰੀ ਜੇਤੂ ਵਿਦਿਆਰਥੀਆਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਮਿਤੀ 6 ਅਕਤੂਬਰ 2025 ਨੂੰ ਜ਼ਿਲ੍ਹਾ ਪੱਧਰੀ ਸਾਇੰਸ ਸੈਮੀਨਾਰ ਵਿੱਚ ਭਾਗ ਲੈਣਗੇ।

## ਜਿਸਮਾਨੀ ਹਾਰ ਉੱਤੇ ਮਾਨਸਿਕ ਜਿੱਤ

ਸਾਡੀ ਇੱਕ ਸਲਾਹ ਹੈ ਹਾਕਮ ਨੂੰ ,
ਤੇਰਾ ਸਾਡੇ ਬਾਝੋਂ ਨਈਂ ਸਰਨਾ ।
ਜਿਹੜੇ ਮੌਤ ਕੋਲ਼ੋਂ ਵੀ ਡਰਦੇ ਨਈਂ ,
ਉਹਨਾਂ ਹੋਰ ਕਿਸੇ ਤੋਂ ਕੀ ਡਰਨਾ।
ਆ 'ਗੀ ਤੇਰੇ 'ਚ ਰੂਹ ਔਰੰਗੇ ਦੀ ,
ਅਸੀਂ ਗੁਰੂ ਦਸ਼ਮੇਸ਼ ਦੇ ਧੀ ਪੁੱਤ ਹਾਂ ;
ਜਿਸਮਾਂ ਪੱਖੋਂ ਭਾਵੇਂ ਹਾਰ ਜਾਈਏ ,
ਪਰ ਜ਼ਿਹਨੀਂ ਤੌਰ 'ਤੇ ਨਈਂ ਹਰਨਾ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਨਜ਼ਮ

ਤਲਵਾਰਾਂ ਦੇਖ ਕੇ ਨੰਗੀਆਂ, ਕਤਲ ਤੋਂ ਡਰ ਨਾ ਤੂੰ ਐਵੇਂ
ਕਤਲ ਕਰਨੇ ਦਾ ਹੁਨਰ ਸ਼ੋਖ, ਅਦਾਵਾਂ ਵਿਚ ਵੀ ਹੁੰਦਾ ਹੈ

ਕਿਤੇ ਇਨਸਾਨ ਨਹੀਂ ਆਪਣੇ , ਕਿਤੇ ਰੁੱਖ ਲੱਗਦੇ ਆਪਣੇ ਨੇ
ਕਿ ਆਪਣਾਪਣ ਤਾਂ ਰੁੱਖਾਂ-ਪੌਦਿਆਂ, ਥਾਵ੍ਹਾਂ ਵਿੱਚ ਵੀ ਹੁੰਦਾ ਹੈ

ਜੋਸ਼ ਵਿਚ ਆ; ਕਈ ਬਿਨ ਸਮਝੇ, ਗੁਨਾਹ ਸੰਗੀਨ ਕਰ ਜਾਂਦੇ
ਗੁਨਾਹ ਛੋਟੇ - ਵੱਡੇ ਦਾ ਜ਼ਿਕਰ, ਸਜਾਵਾਂ ਵਿਚ ਵੀ ਹੁੰਦਾ ਹੈ

ਦਰਦ ਓਹੀ ਨਹੀਂ ਹੁੰਦਾ ਜੋ, ਜ਼ਖ਼ਮ ਮਹਿਸੂਸ ਕਰ ਹੋਵੇ
ਦਰਦ ਤਾਂ ਦਿਲ ਦਿਆਂ ਹੌਕਿਆਂ, ਹਾਵਾਂ ਵਿਚ ਵੀ ਹੁੰਦਾ ਹੈ

ਜ਼ਹਿਰ ਮਜ਼੍ਹਬਾਂ ਦੀ ਨਫ਼ਰਤ ਦਾ, ਦਿਲਾਂ ਵਿੱਚ ਅਕਸਰ ਵੇਖੀ ਦਾ
ਜ਼ਹਿਰ ਨਫ਼ਰਤ ਵਾਲਾ ਹੁਣ ਤਾਂ, ਹਵਾਵਾਂ ਵਿੱਚ ਵੀ ਹੁੰਦਾ ਹੈ

ਬਿਨਾਂ ਕਿਸੇ ਇੱਛਾ ਸ਼ਕਤੀ ਦੇ, ਕੋਈ ਮੰਜਿਲ ਸਰ ਨਹੀਂ ਹੁੰਦੀ
ਜਜ਼ਬਾ ਸੁਪਨੇ ਸੱਚ ਕਰਨੇ ਦਾ , ਇੱਛਾਵਾਂ ਵਿਚ ਵੀ ਹੁੰਦਾ ਹੈ

ਜ਼ਲੀਲ ਕਰਕੇ ਦੂਜੇ ਨੂੰ, ਤੂੰ ਬਹੁਤਾ ਖੁਸ਼ ਨਾ ਹੋ 'ਖੁਸ਼ੀ'
ਯਾਦ ਇਹ ਰੱਖ ਕਿ ਅਸਰ ਬਦ-ਦੁਆਵਾਂ ਵਿਚ ਵੀ ਹੁੰਦਾ ਹੈ



**ਖੁਸ਼ੀ ਮੁਹੰਮਦ "ਚੱਠਾ"**

## ਮੈਂ ਉਦਾਸ ਗੀਤ

ਮੈਂ ਉਦਾਸ ਗੀਤ ਹਾਂ ਰਾਤ ਦਾ,
ਮੈਨੂੰ ਇੱਕ ਖੁਸ਼ੀ ਦੀ ਤਲਾਸ਼ ਹੈ।
ਮੈ ਹਨੇਰਿਆਂ ਵਿਚ ਗੁਆਚ ਗਈ,
ਮੈਨੂੰ ਰੌਸ਼ਨੀ ਦੀ ਤਲਾਸ਼ ਹੈ।

ਜਿਵੇਂ ਜੱਗ ਕੇ ਜੁਗਨੂੰ ਬੁਝੇ ਕੋਈ,
ਇਵੇਂ ਟਿਮਟਿਮਾਉਂਦਾ ਇਹ ਦਿਲ ਰਹੇ ,
ਮੈ ਹਾਂ ਆਖਰੀ ਹਿਚਕੀ ਜਿਹੀ,
ਮੈਨੂੰ ਜ਼ਿੰਦਗੀ ਦੀ ਤਲਾਸ਼ ਹੈ।

ਮੇਰੀ ਪਿਆਸ ਵੱਧਦੀ ਹੈ ਜਾ ਰਹੀ,
ਮੇਰੀ ਤਿਸ਼ਨਿਗੀ ਘਟੇ ਪੱਲ ਵੀ ਨਾ,
ਮੈਂ ਹਾਂ ਕਣ ਥਲਾ ਦੀ ਰੇਤ ਦੀ,
ਮੈਨੂੰ ਇੱਕ ਨਦੀ ਦੀ ਤਲਾਸ਼ ਹੈ।

ਮੇਰਾ ਲਫ਼ਜ਼ ਲਫ਼ਜ਼ ਹੈ ਰੋ ਰਿਹਾ,
ਮੇਰੀ ਸਤਰ ਸਤਰ ਹੈ ਕੂਕਦੀ,
ਮੈ ਹਾਂ ਗੀਤ ਬਿਰਹੇ ਦੇ ਰਾਗ ਦਾ,
ਮੈਨੂੰ ਰਾਗਨੀ ਦੀ ਤਲਾਸ਼ ਹੈ।

ਮੈ ਭਟਕਦੀ ਰੂਹ ਹਾਂ ਫਿਰ ਰਹੀ,
ਮੈਨੂੰ ਉਸ ਮਿਲਾਪ ਦੀ ਆਸ ਹੈ।
ਮੈਂ ਕੌਣ ਹਾਂ ਕਿੱਥੋਂ ਆਈ ਹਾਂ,
ਮੇਰੀ ਇੱਕੋ ਹੀ ਤਲਾਸ਼ ਹੈ।

ਜੋ ਰੂਹੀ ਤਰੰਗ ਜਗਾ ਜਾਵੇ,
ਜੋ ਰੋਗ ਇਸ਼ਕੇ ਦਾ ਲਾ ਜਾਵੇ।
ਜੋ ਉਤਰੇ ਨਾ ਆਖਰੀ ਸਾਹਾਂ ਤੱਕ,
ਮੈਨੂੰ ਉਸ ਮੱਦ ਦੀ ਤਲਾਸ਼ ਹੈ।

ਮੇਰਾ ਰੋਮ ਰੋਮ ਹੈ ਰੋ ਰਿਹਾ,
ਮੇਰੀ ਰਗ ਰਗ ਹੈ ਕੂਕਦੀ।
ਜੋ ਇਸ ਦਰਦ ਦੀ ਦਵਾ ਕਰੇ,
ਮੈਨੂੰ ਉਸ ਵੈਦ ਦੀ ਤਲਾਸ਼ ਹੈ।

ਜਿਸਮਾਂ ਦੀ ਵਾਸਨਾ ਤੋਂ ਪਰੇ,
ਹੋਵੇ ਇੱਕ ਸੁਗੰਧੀ ਪੌਣ ਦੀ।
ਜੋ ਰੂਹਾਂ ਨੂੰ ਮਹਿਕਾ ਜਾਵੇ,
ਉਸ ਸੁਗੰਧ ਦੀ ਤਲਾਸ਼ ਹੈ।

ਮੈ ਵਾਂਗ ਪਪੀਹੇ ਕੂਕਦੀ,
ਬਾਰਿਸ਼ ਦੀ ਪਹਿਲੀ ਬੂੰਦ ਨੂੰ।
ਸਦੀਆਂ ਤੋਂ ਪਿਆਸੀ "ਪ੍ਰੀਤ" ਨੂੰ,
ਬੱਸ ਉਸ ਮੇਘ ਦੀ ਤਲਾਸ਼ ਹੈ।



**ਲਵਪ੍ਰੀਤ ਕੌਰ ਜਵੰਦਾ**

## .ਗਜ਼ਲ

ਅੱਜ ਜੋ ਵੀ ਗੁਜ਼ਰਿਐ , ਤੇਰੀ ਰਜ਼ਾ, ਤੇਰਾ ਸਵੱਲ ਹੈ ਬਸ
ਸਿਫ਼ਰ ਹਾਂ, ਮੈਂ ਸਿਰ-ਫਿਰਾ ਇਕ, ਇਸ਼ਕ ਤੇਰਾ ਝੱਲ ਹੈ ਬਸ
ਖ਼ਾਕ ਸਿਖਰੀਂ ਧੂੜ ਉਡਦੀ, ਹੋਰ ਹੈ ਕੀ ਜ਼ਿੰਦਗੀ ਇਹ ?
ਜ਼ਿੰਦਗੀ ਤੇਰੇ ਬਿਨਾਂ ਵੀ ਕੀ , ਦਮ ਮੇਰਾ ਤੂੰ ਕੱਲ੍ਹ ਹੈ ਬਸ
ਸ਼ਾਇਰੀ ਦਾ ਸ਼ਿਅਰ ਹੈ ਤੂੰ, ਜੋ ਲਿਖਾਂ ਅਹਿਸਾਸ ਹੈਂ ਤੂੰ
ਤੂੰ ਖ਼ਿਆਲ਼ਾਂ ਦੀ ਮਹੁੱਬਤ, ਬੰਦਗੀ ਦਾ ਵੱਲ ਹੈਂ ਬਸ
ਪਹੁ-ਫਟੇਂਦਾ ਦੁਪਹਿਰਾ ਤੂੰ , ਸ਼ਾਮ ਮੇਰੀ, ਰਾਤ ਹੈਂ ਤੂੰ
ਪੀੜ ਬਿਰਹਾ ਦੀ ਤੂੰ ਮੱਲ੍ਹਮ, ਵਸਲ ਦੀ ਤਰਥੱਲ ਹੈਂ ਬਸ
ਜਾਣਦਾ ਹਾਂ ਇੱਕ ਤਰਫ਼ਾ, ਦਿਲ ਮਹੁੱਬਤ ਕਰ ਰਿਹਾ ਏ
ਇਸ ਗੁਨਾਹ ਦੀ ਦੇ ਸਜ਼ਾ ਜੋ, ਹੁਣ ਕੋਈ ਨਾ ਹੱਲ ਹੈ ਬਸ
ਰਾਬਤਾ ਵੀ ਸ਼ਾਇਰੀ ਤੋਂ, ਟੁੱਟਿਆ ਨਾ ਯਾਰ ਮਰਕੇ
ਹੈ ਨਸ਼ਾ ਕੀ ਲਿਖਣ ਦਾ ਏ , ਬਹਿਬਤਾਂ ਦੀ ਅੱਲ੍ਹ ਹੈ ਬਸ
ਲਾਹ ਦਿੱਤੀ ਪੱਗ ਸਿਰ,ਤੋਂ, ਦੁਸ਼ਮਣਾਂ ਨੇ ਸੱਥ ਅੰਦਰ
ਰਹਿ ਗਿਆ ਕੀ ਹੋਰ ਪਿੱਛੇ, ਸਾਂਭ ਰੱਖੀ ਖੱਲ੍ਹ ਹੈ ਬਸ
ਨਾਲ਼ ਹੀ ਕਿਰਦਾਰ "ਬਾਲੀ", ਸੋਹਣਾ ਸਰਦਾਰ ਆਖਾਂ
ਜੇ ਨਹੀਂ ਕਿਰਦਾਰ ਫਿਰ ਮੁਰਦਾਰ, ਹੈ ਤੂੰ ਗੱਲ ਹੈ ਬਸ
ਰੁਤਵਿਆਂ ਨੂੰ ਕੀ ਕਰਾਂ ਮੈਂ, ਫੜ੍ਹ ਕੇ ਉਂਗ਼ਲੀ ਖਿੱਚ ਮੈਨੂੰ
ਜੋਤਿ ਅੰਦਰ ਜੋਤਿ ਕਰਦੇ, ਤੜਫ਼ ਦੀ ਏ ਠੱਲ ਹੈ ਬਸ



**ਬਲਜਿੰਦਰ ਸਿੰਘ " ਬਾਲੀ ਰੇਤਗੜ੍ਹ "**

## ਵਰ੍ਹੇਗੰਢ ਮੁਬਾਰਕ



ਸੁਮੀਤ ਸਿੰਘ ਸੱਚਰ ਅਤੇ ਜਸ਼ਨਜੀਤ ਕੌਰ ਜਲੰਧਰ ਵਾਸੀ ਨੇ ਆਪਣੇ ਪਰਿਵਾਰ ਗੁਰਅਸੀਸ ਕੌਰ ਅਤੇ ਮੇਹਰਦੀਪ ਸਿੰਘ ਸੱਚਰ ਸਮੇਤ 12ਵੀਂ ਵਰ੍ਹੇਗੰਢ ਗੁਰਮਰਯਾਦਾ ਅਨੁਸਾਰ ਮਨਾਈ।

## ਜਨਮ ਦਿਨ ਮੁਬਾਰਕ



ਸਾਗਰ ਭਾਂਬਰੀ
ਲੁਧਿਆਣਾ

# ਗਾਂਧੀ ਜਯੰਤੀ 'ਤੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਨੇ 'ਮੇਰਾ ਯੁਵਾ ਭਾਰਤ' ਦੇ ਸਹਿਯੋਗ ਨਾਲ ਹਰਿਆਵਲ ਅਤੇ ਸਫ਼ਾਈ ਦਾ ਦਿੱਤਾ ਸੰਦੇਸ਼

## 15 ਰੋਜ਼ਾ ਸਫ਼ਾਈ ਪਖਵਾੜਾ ਸਫਲਤਾਪੂਰਵਕ ਸੰਪੰਨ , ਨੌਜਵਾਨਾਂ ਨੇ ਲਿਆ ਸਾਫ਼-ਸੁਥਰਾ ਤੇ ਹਰਿਤ ਭਾਰਤ ਬਣਾਉਣ ਦਾ ਸੰਕਲਪ




**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਕ੍ਰਿਸ਼ਨਾ ਯੂਥ ਕਲੱਬ (ਰਜਿ.) ਵੱਲੋਂ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਜਯੰਤੀ ਦੇ ਪਾਵਨ ਅਵਸਰ 'ਤੇ ਪੌਧਾਰੋਪਨ ਤੇ ਸਫ਼ਾਈ ਜਾਗਰੂਕਤਾ ਅਭਿਆਨ ਦਾ ਆਯੋਜਨ ਕੀਤਾ ਗਿਆ। ਇਸ ਤਹਿਤ ਪਿੰਡ ਬੇਗਮਪੁਰ ਅਤੇ ਫੋਕਲ ਪਾਇੰਟ ਨਵਾਂਸ਼ਹਿਰ 'ਚ ਖ਼ਾਸ ਗਤੀਵਿਧੀਆਂ ਕਰਵਾਈਆਂ ਗਈਆਂ। ਕਲੱਬ ਨੇ ਇਸ ਪਹਿਲ ਰਾਹੀਂ ਸਮਾਜ ਨੂੰ ਵਾਤਾਵਰਨ ਸੰਭਾਲ ਦਾ ਮਜ਼ਬੂਤ ਅਤੇ ਪ੍ਰੇਰਣਾਦਾਇਕ ਸੰਦੇਸ਼ ਦਿੱਤਾ। ਇਹ ਪ੍ਰੋਗਰਾਮ ਯੁਵਾ ਕਾਰਜਕ੍ਰਮ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ, ਸਰਕਾਰ ਦੀ ਯੁਵਾਵਾਂ ਨੂੰ ਰਾਸ਼ਟਰ-ਨਿਰਮਾਣ ਨਾਲ ਜੋੜਣ ਵਾਲੀ ਪਹਿਲ 'ਮੇਰਾ ਯੁਵਾ ਭਾਰਤ' ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਕਲੱਬ ਨੇ ਇਸ ਮੌਕੇ ਗਾਂਧੀ ਜੀ ਦੇ ਮੂੱਲਾਂ – ਸੇਵਾ, ਸਾਦਗੀ ਅਤੇ ਸਫ਼ਾਈ – ਨੂੰ ਅਮਲੀ ਰੂਪ ਦੇਣ ਦਾ ਸੰਕਲਪ ਲਿਆ।ਕਲੱਬ ਦੇ ਸਕੱਤਰ ਹੈਰੀ ਚੌਹਾਨ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਮਹਾਤਮਾ ਗਾਂਧੀ ਨੇ ਸਚਾਈ ਅਤੇ ਅਹਿੰਸਾ ਦੇ ਰਸਤੇ ਨਾਲ ਦੇਸ਼ ਨੂੰ ਆਜ਼ਾਦੀ ਦਿਵਾਈ, ਉਸੇ ਤਰ੍ਹਾਂ ਅੱਜ ਦੀ ਯੁਵਾ ਪੀੜ੍ਹੀ ਨੂੰ ਵਾਤਾਵਰਨ ਸੰਭਾਲ ਅਤੇ ਸਫ਼ਾਈ ਰਾਹੀਂ ਦੇਸ਼ ਨੂੰ ਇੱਕ ਸਿਹਤਮੰਦ ਅਤੇ ਹਰੇ ਭਵਿੱਖ ਵੱਲ ਲੈ ਜਾਣਾ ਹੋਵੇਗਾ। ਉਨ੍ਹਾਂ ਦੱਸਿਆ ਕਿ ਕਲੱਬ ਵੱਲੋਂ "ਏਕ ਪੇੜ ਮਾਂ ਕੇ ਨਾਮ" ਅਭਿਆਨ ਹੇਠ ਵੱਡੇ ਪੱਧਰ 'ਤੇ ਰੁੱਖ ਲਗਾਏ ਜਾ ਰਹੇ ਹਨ। ਇਸ ਅਭਿਆਨ ਹੇਠ ਛਾਂਦਾਰ, ਫ਼ਲਦਾਰ ਅਤੇ ਔਸ਼ਧੀ ,ਬੂਟੇ ਲਗਾਏ ਗਏ ਹਨ, ਜਿਸ ਨਾਲ ਨਾ ਸਿਰਫ਼ ਵਾਤਾਵਰਨ ਨੂੰ ਲਾਭ ਹੋਵੇਗਾ, ਸਗੋਂ ਸਥਾਨਕ ਮੌਸਮ ਤੇ ਹਵਾ ਦੀ ਗੁਣਵੱਤਾ ਵਿੱਚ ਵੀ ਸੁਧਾਰ ਆਵੇਗਾ। ਇਸ ਦੌਰਾਨ ਹਾਜ਼ਰ ਕਲੱਬ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਸਫ਼ਾਈ ਦੀ ਸ਼ਪਥ ਵੀ ਲਈ। ਕਲੱਬ ਦੇ ਮੈਂਬਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਅੱਜ ਲਗਾਏ ਗਏ ਰੁੱਖਾਂ ਦਾ ਲਾਭ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸਦੇ ਨਾਲ ਨਾਲ ਕਲੱਬ ਵੱਲੋਂ ਚਲਾਇਆ ਜਾ ਰਿਹਾ 15 ਰੋਜ਼ਾ ਸਫ਼ਾਈ ਪਖਵਾੜਾ ਸਫਲਤਾਪੂਰਵਕ ਸੰਪੰਨ ਹੋਇਆ। ਇਹ ਪਖਵਾੜਾ 17 ਸਤੰਬਰ ਤੋਂ ਸ਼ੁਰੂ ਹੋ ਕੇ 2 ਅਕਤੂਬਰ ਤੱਕ ਚੱਲਿਆ। ਇਸ ਦਾ ਮੁੱਖ ਫੋਕਸ ਖੇਤਰ ਨੂੰ ਪਲਾਸਟਿਕ ਮੁਕਤ ਬਣਾਉਣਾ ਅਤੇ ਲੋਕਾਂ ਨੂੰ ਸਾਰਵਜਨਿਕ ਥਾਵਾਂ ਦੀ ਸਫ਼ਾਈ ਲਈ ਜਾਗਰੂਕ ਕਰਨਾ ਸੀ। ਇਸ ਦੌਰਾਨ ਕਲੱਬ ਮੈਂਬਰਾਂ ਨੇ ਸਕੂਲਾਂ, ਬਾਜ਼ਾਰਾਂ ਅਤੇ ਰਿਹਾਇਸ਼ੀ ਖੇਤਰਾਂ 'ਚ ਜਾਗਰੂਕਤਾ ਅਭਿਆਨ ਚਲਾਏ ਅਤੇ ਘਰ-ਘਰ ਜਾ ਕੇ ਸੰਦੇਸ਼ ਪਹੁੰਚਾਇਆ। ਸਮਾਪਤੀ ਦਿਵਸ 'ਤੇ ਸਾਰਿਆਂ ਨੂੰ ਸਫ਼ਾਈ ਨੂੰ ਆਪਣਾ ਫਰਜ਼ ਮੰਨਣ ਅਤੇ ਇਸਨੂੰ ਜੀਵਨ ਦਾ ਅਟੁੱਟ ਹਿੱਸਾ ਬਣਾਉਣ ਦੀ ਅਪੀਲ ਕੀਤੀ ਗਈ। ਇਸ ਮੌਕੇ ਨਗਰ ਕੌਂਸਲ ਨਵਾਂਸ਼ਹਿਰ ਤੋਂ ਕਮਿਊਨਿਟੀ ਫੈਸਿਲੀਟੇਟਰ ਜਸਵਿੰਦਰ ਸਿੰਘ ਵੀ ਮੌਜੂਦ ਸਨ। ਇਸ ਤੋਂ ਇਲਾਵਾ ਗੁਰਚੈਨ ਰਾਮ, ਰਾਜੇਸ਼, ਸੋਹਿਤ, ਅਵਿਨਾਸ਼, ਕਾਰਤਿਕ, ਪਾਇਲ, ਵਿਕਰਮਜੀਤ, ਰਮਨਪ੍ਰੀਤ, ਪਰਮਜੀਤ, ਮਹਿੰਦਰ ਕੌਰ, ਹਰਮੇਸ਼ ਲਾਲ, ਲਵਪ੍ਰੀਤ, ਇੰਦਰਪਾਲ ਸਿੰਘ, ਕਿਰਤ ਕੌਰ, ਜਗਮੀਤ ਕੌਰ ਅਤੇ ਦੀਪਿੰਦਰ ਸਿੰਘ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ਼

# ਗ੍ਰਾਮ ਪੰਚਾਇਤ ਅੱਪਰਾ ਨੇ ਸਰਪੰਚ ਵਿਨੈ ਕੁਮਾਰ ਬੰਗੜ੍ਹ ਦੀ ਅਗਵਾਈ ਹੇਠ ਸਿਵਲ ਸਰਜਨ ਜਲੰਧਰ ਨਾਲ ਕੀਤੀ ਅਹਿਮ ਮੀਟਿੰਗ

***ਰਾਤ ਦੇ ਸਮੇਂ ਡਾਕਟਰ ਤੇ ਸਟਾਫ਼ ਦੀ ਕਮੀ ਨੂੰ ਪੂਰਾ ਕਰਨ ਦੀ ਰੱਖੀ ਮੰਗ*ਸਿਵਲ ਸਰਜਨ ਜਲੰਧਰ ਨੇ 15 ਦਿਨਾਂ 'ਚ ਮਸਲੇ ਨੂੰ ਹਲ ਕਰਨ ਦਾ ਦਿੱਤਾ ਭਰੋਸਾ***

**ਫਿਲੌਰ/ਅੱਪਰਾ, (ਦੀਪਾ)**-ਗ੍ਰਾਮ ਪੰਚਾਇਤ ਅੱਪਰਾ ਵਲੋਂ ਸਰਪੰਚ ਵਿਨੈ ਕੁਮਾਰ ਬੰਗੜ੍ਹ ਦੀ ਅਗਵਾਈ ਹੇਠ ਸਿਵਲ ਸਰਜਨ ਜਲੰਧਰ ਡਾ. ਰਮਨ ਗੁਪਤਾ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ । ਇਸ ਮੌਕੇ ਸਰਪੰਚ ਵਿਨੈ ਕੁਮਾਰ ਬੰਗੜ੍ਹ ਨਾਲ ਸ੍ਰੀ ਮੋਹਣ ਲਾਲ ਪੰਚਾਇਤ ਮੈਂਬਰ, ਸ੍ਰੀ ਰੂਪ ਲਾਲ ਪੰਚਾਇਤ ਮੈਂਬਰ ਤੇ ਸਰੀ ਮੁਕੇਸ਼ ਦਾਦਰਾ ਭਾਜਪਾ ਕਾਰਜਕਾਰਨੀ ਮੈਂਬਰ ਪੰਜਾਬ ਵੀ ਹਾਜ਼ਰ ਸਨ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਵਿਨੈ ਅੱਪਰਾ ਨੇ ਦੱਸਿਆ ਕਿ ਉਨਾਂ ਨੇ ਸਿਵਲ ਸਰਜਨ ਜਲੰਧਰ ਅੱਗੇ ਮੁੱਖ ਮੰਗ ਇਹ ਰੱਖੀ ਕਿ ਸਿਵਲ ਹਸਪਤਾਲ ਅੱਪਰਾ ਵਿਖੇ ਤਾਇਨਾਤ ਸਟਾਫ਼ ਦੀ ਗਿਣਤੀ 'ਚ ਵਾਧਾ ਕੀਤੀ ਜਾਵੇ ਤੇ ਰਾਤ ਦੇ ਸਮੇਂ



ਵੀ ਡਾਕਟਰ ਦੇ ਮੌਜੂਦ ਰਹਿਣ ਦੀ ਡਿਊਟੀ ਲਗਾਈ ਜਾਵੇ । ਸਿਵਲ ਸਰਜਨ ਜਲੰਧਰ ਵਲੋਂ ਗ੍ਰਾਮ ਪੰਚਾਇਤ ਅੱਪਰਾ ਨੂੰ ਭਰੋਸਾ ਦਵਾਇਆ ਗਿਆ ਕਿ ਉਕਤ ਮਸਲੇ ਦਾ ਹਲ ਅਗਲੇ 15 ਦਿਨਾਂ ਦੇ ਅੰਦਰ ਅੰਦਰ ਕਰ ਦਿੱਤਾ ਜਾਵੇਗਾ ।

# 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਸੱਤਵੇਂ ਦਿਨ ਖੇਡਿਆ ਗਿਆ ਵਿਅੰਗਮਈ ਨਾਟਕ 'ਉਜਬਕ ਰਾਜਾ'

## ਤਿਉਹਾਰ ਦੇ ਬਾਵਜੂਦ ਹਾਊਸਫੁੱਲ ਰਿਹਾ ਸ਼ੋਅ







**ਬਠਿੰਡਾ (ਅਮਰਜੀਤ ਸਿੰਘ ਜੀਤ)** ਸੱਭਿਆਚਾਰਕ ਮੰਤਰਾਲਾ ਭਾਰਤ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਅਤੇ ਮਿਉਂਸਪਲ ਕਾਰਪੋਰੇਸ਼ਨ ਬਠਿੰਡਾ ਦੇ ਸਹਿਯੋਗ ਨਾਲ ਚੱਲ ਰਹੇ 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਸੱਤਵੇਂ ਦਿਨ ਨਾਟਕ 'ਉਜਬਕ ਰਾਜਾ' ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਖੇਡਿਆ ਗਿਆ ਜਿਸਦਾ ਸ਼ੋਅ ਹਾਊਸਫੁੱਲ ਰਿਹਾ। ਅਲਕਨੰਦਨ ਵੱਲੋਂ ਲਿਖੇ ਇਸ ਨਾਟਕ ਨੂੰ ਰੰਗ ਆਧਾਰ ਨਿਊ ਉੱਥਾਨ ਥੀਏਟਰ ਗਰੁੱਪ, ਕੁਰੂਕਸ਼ੇਤਰ ਦੀ ਟੀਮ ਨੇ ਵਿਕਾਸ ਸ਼ਰਮਾ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ। ਇਸ ਵਿਅੰਗਮਈ ਨਾਟਕ ਵਿੱਚ ਦਰਸਾਇਆ ਗਿਆ ਕਿ ਕਿਵੇਂ ਸਾਡੇ ਹੁਕਮਰਾਨ ਮਲਟੀਨੈਸ਼ਨਲ ਕੰਪਨੀਆਂ ਦੇ ਫੋਕੇ ਪ੍ਰਭਾਵ ਹੇਠ ਆ ਕੇ ਆਮ ਲੋਕਾਂ ਦੇ ਟੈਕਸ ਤੋਂ ਇੱਕਠਾ ਕੀਤਾ ਪੈਸਾ ਆਪਣੀਆਂ ਮੂਰਖ ਨੀਤੀਆਂ ਰਾਹੀਂ ਉਡਾ ਰਹੇ ਹਨ। ਨਾਟਕ ਦੀ ਕਹਾਣੀ ਤੇ ਅਦਾਕਾਰ ਦੇ ਬਾ-ਕਮਾਲ ਅਭਿਨੈ ਨੇ ਦਰਸ਼ਕਾਂ ਨੂੰ ਅੰਤ ਤੱਕ ਸੀਟਾਂ ਨਾਲ਼ ਜੋੜੀ ਰੱਖਿਆ ਅਤੇ ਹਾਲ ਤਾੜੀਆਂ ਨਾਲ ਗੂੰਜਦਾ ਰਿਹਾ।

14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਸੱਤਵੇਂ ਦਿਨ ਦਿਨ ਸਤਿਕਾਰਿਤ ਮਹਿਮਾਨਾਂ ਵਜੋਂ ਸ਼੍ਰੀ ਵਰਿੰਦਰ ਅਗਰਵਾਲ ਮਾਣਯੋਗ ਜੱਜ ਸਾਹਿਬ ਪੰਜਾਬ ਅਤੇ ਹਰਿਆਣਾ ਹਾਈਕੋਰਟ, ਸ਼੍ਰੀ ਰਾਜੇਸ਼ ਧੀਮਾਨ ਆਈ.ਏ.ਐਸ. ਡਿਪਟੀ ਕਮਿਸ਼ਨਰ ਬਠਿੰਡਾ, ਸ਼੍ਰੀ ਰਾਕੇਸ਼ ਗੁਪਤਾ ਸੈਸ਼ਨ ਜੱਜ ਬਰਨਾਲਾ, ਸ. ਗੁਰਮੀਤ ਸਿੰਘ ਧਾਲੀਵਾਲ ਐਮ.ਡੀ. ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸ਼ਨਜ਼, ਸ਼੍ਰੀ ਵਿਜੇ ਰਾਜ ਜਿੰਦਲ ਚਾਰਟਡ ਅਕਾਊਂਟੈਂਟ ਅਤੇ ਡਾ. ਰਵੀ ਕੰਬੋਜ ਐਮ.ਡੀ. ਕੰਬੋਜ ਹਸਪਤਾਲ ਸ਼ਾਮਿਲ ਹੋਏ।

ਸਮਾਜ ਵੀਕਲੀ ਨਿਊਜ਼

ਨਾਟਿਅਮ ਦੇ ਸਰਪ੍ਰਸਤ ਡਾ.ਕਸ਼ਿਸ਼ ਗੁਪਤਾ ,ਡਾ. ਪੂਜਾ ਗੁਪਤਾ ਅਤੇ ਡਾ. ਵਿਤੁਲ ਗੁਪਤਾ ਨੇ ਸਾਂਝੇ ਤੌਰ 'ਤੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤੇ।

ਇਸ ਮੌਕੇ ਬੋਲਦਿਆਂ ਡੀ.ਸੀ. ਬਠਿੰਡਾ ਸ਼੍ਰੀ ਰਾਜੇਸ਼ ਧੀਮਾਨ ਨੇ ਪਿਛਲੇ 14 ਸਾਲਾਂ ਤੋਂ ਲਗਾਤਾਰ ਨਾਟਿਅਮ ਪੰਜਾਬ ਵੱਲੋਂ ਨਾਟ-ਉਤਸਵ ਦੇ ਇਸ ਹੰਭਲੇ ਦੀ ਸ਼ਲਾਘਾ ਕਰਦੇ ਹੋਏ ਨਾਟਿਅਮ ਸਰਪ੍ਰਸਤ ਡਾ. ਕਸ਼ਿਸ਼ ਗੁਪਤਾ, ਡਾਇਰੈਕਟਰ ਕੀਰਤੀ ਕਿਰਪਾਲ ਅਤੇ ਪੂਰੀ ਟੀਮ ਨੂੰ ਵਧਾਈ ਦਿੱਤੀ। ਉਨ੍ਹਾਂ ਨਾਟਿਅਮ ਟੀਮ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਿਯੋਗ ਦੀ ਵਚਨਬੱਧਤਾ ਦੁਹਰਾਈ । ਸ. ਗੁਰਮੀਤ ਸਿੰਘ ਧਾਲੀਵਾਲ ਨੇ ਕਿਹਾ ਉਨ੍ਹਾਂ ਦਾ ਨਾਟਿਅਮ ਟੀਮ ਨਾਲ਼ ਰਿਸ਼ਤਾ ਬਹੁਤ ਪੁਰਾਣਾ ਹੈ ਅਤੇ ਉਹ ਨਾਟ-ਕਲਾ ਨੂੰ ਜਿਉਂਦਾ ਰੱਖਣ ਲਈ ਹਰ ਤਰ੍ਹਾਂ ਦੀ ਮਦਦ ਦੇਣ ਲਈ ਤਿਆਰ ਹਨ।

ਅੰਤ ਵਿੱਚ ਨਾਟਿਅਮ ਡਾਇਰੈਕਟਰ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਸਮੂਹ ਮਹਿਮਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ 15 ਦਿਨਾਂ ਇਸ ਨਾਟ-ਉਤਸਵ ਵਿੱਚ ਸ਼ਹਿਰ ਵਾਸੀਆਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਲਈ ਅਪੀਲ ਕੀਤੀ ।ਉਨ੍ਹਾਂ ਦੱਸਿਆ ਨਾਟ-ਉਤਸਵ ਦੌਰਾਨ 7:00 ਤੋਂ 7:40 ਤੱਕ ਓਪਨ ਮਾਈਕ ਅਤੇ ਇਸ ਤੋਂ ਬਾਅਦ 7:40 'ਤੇ ਨਾਟਕ ਸ਼ੁਰੂ ਹੋਵੇਗਾ। ਇਸ ਥੀਏਟਰ ਫੈਸਟੀਵਲ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਈਆਂ ਨਾਟ-ਮੰਡਲੀਆਂ 15 ਨਾਟਕ ਪੇਸ਼ ਕਰ ਰਹੀਆਂ ਨੇ ਅਤੇ ਹਰ ਨਾਟਕ ਦਾ ਰੰਗ ਵੇਖਣਯੋਗ ਹੈ ।ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਅਤੇ ਸ਼੍ਰੀ ਗੁਰਮੀਤ ਧੀਮਾਨ ਨੇ ਸਾਂਝੇ ਰੂਪ 'ਚ ਨਿਭਾਈ ਨੇ।

ਇਸ ਦੌਰਾਨ ਸ਼੍ਰੀ ਨੀਰਜ ਸਿੰਗਲਾ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸ਼੍ਰੀ ਮੁਕਤਸਰ ਸਾਹਿਬ, ਸ਼੍ਰੀ ਰਜਿੰਦਰ ਮਿੱਤਲ ਬੀ.ਸੀ. ਐਲ. ਇੰਡਸਟਰੀਜ਼, ਮੈਡਮ ਮਮਤਾ ਖੁਰਾਣਾ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਬਠਿੰਡਾ, ਫਤਿਹ ਗਰੁੱਪ ਤੋਂ ਸੁਖਮੰਦਰ ਸਿੰਘ ਚੱਠਾ, ਨਾਟਿਅਮ ਦੇ ਪ੍ਰਧਾਨ ਰਿੰਪੀ ਕਾਲੜਾ, ਈਵੈਂਟ ਕੋਆਰਡੀਨੇਟਰ ਗੁਰਨੂਰ ਸਿੰਘ,ਆਰ. ਪੀ. ਸੀ. ਕਾਲਜ ਬਠਿੰਡਾ ਦੇ ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਡਾ. ਜਸਪਾਲ ਰੋਮਾਣਾ,ਸਮੂਹ ਅਦਾਕਾਰ ਨਾਟਿਅਮ ਗਰੁੱਪ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਮੌਜੂਦ ਸਨ।

# ਧੱਮ ਚੱਕਰ ਪ੍ਰਵਰਤਨ ਦਿਵਸ ਸਮਾਗਮ ਅੰਬੇਡਕਰ ਭਵਨ ‘ਚ 14 ਅਕਤੂਬਰ ਨੂੰ

## ਡਾ. ਹਰਬੰਸ ਵਿਰਦੀ ਲੰਡਨ ਹੋਣਗੇ ਮੁੱਖ ਮਹਿਮਾਨ ਅਤੇ ਪ੍ਰੋਫੈਸਰ ਡਾ.ਬਲਵਿੰਦਰ ਕੁਮਾਰ ਮੁੱਖ ਬੁਲਾਰੇ

**ਜਲੰਧਰ ( ਸਮਾਜ ਵੀਕਲੀ)**: ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਨੇ 14 ਅਕਤੂਬਰ, 1956 ਨੂੰ ਆਪਣੇ ਲੱਖਾਂ ਪੈਰੋਕਾਰਾਂ ਨਾਲ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਦੀਕਸ਼ਾ ਭੂਮੀ ਵਿਖੇ ਬਰਮੀ ਬੋਧੀ ਭਿਕਸ਼ੂ ਚੰਦਰਮਣੀ ਤੋਂ ਧੱਮ ਦੀਕਸ਼ਾ (ਦੀਕਸ਼ਾ) ਲਈ ਸੀ। ਇਸ ਇਤਿਹਾਸਿਕ ਘਟਨਾ ਦੇ ਪ੍ਰਭਾਵ ਅਧੀਨ ਡਾ. ਅੰਬੇਡਕਰ ਸਾਹਿਬ ਦੇ ਪਦ-ਚਿੰਨ੍ਹਾਂ ਤੇ ਚਲਦਿਆਂ ਬਹੁਤ ਸਾਰੇ ਦਲਿਤਾਂ ਨੇ ਸਦੀਆਂ ਪੁਰਾਣੇ ਅੰਧ ਵਿਸ਼ਵਾਸ਼ਾਂ ਅਤੇ ਰੀਤੀ-ਰਸਮਾਂ ਨੂੰ ਤਿਆਗਕੇ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਦੀ ਭਾਵਨਾ ‘ਤੇ ਅਧਾਰਿਤ ਬੁੱਧ ਧਰਮ ਅਪਣਾਕੇ ਸਮੂਹਿਕ ਧਾਰਮਿਕ ਪਰਿਵਰਤਨ ਦੀ ਨਿਸ਼ਾਨਦੇਹੀ ਕੀਤੀ। ਬਾਬਾ ਸਾਹਿਬ ਦੁਆਰਾ ਆਰੰਭੀ ਇਸ ਧੰਮ ਕ੍ਰੰਤੀ ਦੀ ਮਸ਼ਾਲ ਨੂੰ ਮਘਦੀ ਰੱਖਣ ਵਾਸਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 14 ਅਕਤੂਬਰ, 2025 ਨੂੰ ਸਵੇਰੇ 10 ਵਜੇ ਧੱਮ ਚੱਕਰ ਪ੍ਰਵਰਤਨ ਦਿਵਸ ਦੇ ਰੂਪ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਚਰਨ-ਛੋਹ ਪ੍ਰਾਪਤ ਇਤਿਹਾਸਕ ਸਥਾਨ 'ਅੰਬੇਡਕਰ ਭਵਨ' ਵਿਖੇ ਮਨਾਏਗੀ। ਇਹ ਸਮਾਗਮ ਮਨਾਉਣ ਲਈ ਅੰਬੇਡਕਰ ਭਵਨ ਟਰਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦਾ ਸਹਿਯੋਗ ਪ੍ਰਾਪਤ ਹੈ। ਭਾਰਦਵਾਜ ਨੇ




ਮੁੱਖ ਮਹਿਮਾਨ ਡਾ. ਹਰਬੰਸ ਵਿਰਦੀ ਅਤੇ ਮੁੱਖ ਬੁਲਾਰੇ ਡਾ. ਬਲਵਿੰਦਰ ਕੁਮਾਰ ਦੀ ਫਾਈਲ ਫੋਟੋ

ਕਿਹਾ ਕਿ ਅੰਤਰਰਾਸ਼ਟਰੀ ਬੁੱਧ ਧੱਮ ਪ੍ਰਚਾਰਕ ਅਤੇ ਇੰਟਰਨੈਸ਼ਨਲ ਕੋਆਰਡੀਨੇਟਰ, ਫੈਡਰੇਸ਼ਨ ਆਫ ਅੰਬੇਡਕਰਰਾਈਟ ਐਂਡ ਬੁੱਧਿਸਟ ਆਰਗਨਾਈਜੇਸ਼ਨਜ਼ (ਫੈਬੋ) ਯੂਕੇ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਡਾ. ਹਰਬੰਸ ਵਿਰਦੀ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ ਅਤੇ ਡਾ.ਬਲਬਿੰਦਰ ਕੁਮਾਰ. ਸਹਾਇਕ ਪ੍ਰੋਫੈਸਰ ਪਾਲਿਟਿਕਲ ਸਾਇੰਸ ਵਿਭਾਗ, ਪੰਜਾਬ ਯੂਨੀਵਰਸਿਟੀ ਸਵਾਮੀ ਸਰਵਾਨੰਦ ਗਿਰੀ ਰਿਜਨਲ ਸੈਂਟਰ, ਹੋਸ਼ਿਆਰਪੁਰ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ। ਇਨ੍ਹਾਂ ਤੋਂ ਇਲਾਵਾ ਸਰਵ ਸ਼੍ਰੀ ਬਲਦੇਵ ਰਾਜ ਜੱਸਲ, ਸੋਹਨ ਲਾਲ ਅਤੇ ਐਡਵੋਕੇਟ ਕੁਲਦੀਪ ਭੱਟੀ ਅਤੇ ਹੋਰ ਵਿਦਵਾਨ ਆਪਣੇ ਵਿਚਾਰ ਪੇਸ਼ ਕਰਨਗੇ। ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਭਾਰਦਵਾਜ ਨੇ ਕਿਹਾ ਕਿ ਸੁਸਾਇਟੀ ਨੇ ਬਾਬਾ ਸਾਹਿਬ ਦੇ ਪ੍ਰਤੀ ਸ਼ਰਧਾ ਰੱਖਣ ਵਾਲਿਆਂ ਨੂੰ ਸਮਾਗਮ ਵਿੱਚ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)**

# ਰੋਟਰੀ ਕਲੱਬ ਬੰਗਾ ਗ੍ਰੀਨ ਵੱਲੋਂ ਪਿੰਡ ਗੁਣਾਚੌਰ ਦੇ ਲੋੜਵੰਦ ਪਰਿਵਾਰਾਂ ਦੀ ਕੀਤੀ ਗਈ ਮਦਦ



**ਬੰਗਾ(ਚਰਨਜੀਤ ਸੱਲ੍ਹਾਂ)**- ਪਿਛਲੇ ਦਿਨੀਂ ਭਾਰੀ ਬਾਰਿਸ਼ ਨਾਲ਼ ਨੁਕ-ਸਾਨੇ ਗਏ ਪਿੰਡ ਗੁਣਾਚੌਰ ਦੇ ਲੋੜਵੰਦ ਪਰਿਵਾਰਾਂ ਦੀ ਆਰਥਿਕ ਮਦਦ ਰੋਟਰੀ ਕਲੱਬ ਬੰਗਾ ਗ੍ਰੀਨ ਅਤੇ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਬੈਡ ਫੋਰਡ(ਯੂ.ਕੇ) ਵੱਲੋਂ ਕੀਤੀ ਗਈ । ਪਿੰਡ ਦੇ ਨਿਵਾਸੀ ਸੁਖਦੇਵ ਸਿੰਘ ਦਾ ਬਿਲਕੁਲ ਨਵਾਂ ਬਣਾਇਆ ਘਰ ਬਾਰਿਸ਼ ਨਾਲ ਪੂਰੀ ਤਰਾਂ ਨੁਕਸਾਨਿਆਂ ਗਿਆ ਸੀ ਅਤੇ ਉਨ੍ਹਾਂ ਨੇ ਬੇਟੀ ਦਾ ਵਿਆਹ ਵੀ ਰੱਖਿਆ ਹੋਇਆ ਹੈ । ਅਜਿਹੀ ਘੜੀ ਵਿਚ ਰੋਟਰੀ ਕਲੱਬ ਬੰਗਾ ਅਤੇ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਬਾਂਹ ਫੜਦੇ ਹੋਏ ਉਨ੍ਹਾਂ ਦੀ 21000 ਰੁਪਏ ਦੀ ਮਦਦ ਕੀਤੀ । ਇਸ ਤੋਂ ਬਿਨ੍ਹਾਂ ਪਿੰਡ ਨਿਵਾਸੀ ਪਰਮਜੀਤ ਬਸਰਾ ਜੋ ਕਿ ਪੋਲੀਓ ਦੀ ਬਿਮਾਰੀ ਤੋਂ ਪੀੜਿਤ ਹਨ ਅਤੇ ਉਨ੍ਹਾਂ ਦਾ ਘਰ ਵੀ ਨੁਕਸਾਨਿਆਂ ਗਿਆ ਹੈ ਦੀ ਕਲੱਬ ਵੱਲੋਂ ਗਿਆਰਾਂ ਹਜ਼ਾਰ ਰੁਪਏ ਦੀ ਮਦਦ ਕੀਤੀ ਗਈ । ਇਸ ਮੌਕੇ ਕਲੱਬ ਦੇ ਪ੍ਰਧਾਨ ਸ. ਦਿਲਬਾਗ ਸਿੰਘ ਬਾਗੀ ਅਤੇ ਉਪ ਪ੍ਰਧਾਨ ਸ਼ਮਿੰਦਰ ਸਿੰਘ ਗਰਚਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨਾ ਹੀ ਸੰਸਥਾ ਦਾ ਅਸਲੀ ਮੰਤਵ ਹੈ ਰੋਟਰੀ ਕਲੱਬ ਬੰਗਾ ਗ੍ਰੀਨ ਹਮੇਸ਼ਾ ਲੋੜਵੰਦ ਪਰਿਵਾਰਾਂ ਦੀ ਮਦਦ ਕਰਨ ਲਈ ਤਤਪਰ ਰਹਿੰਦੀ ਹੈ । ਸੰਸਥਾ ਨਾਲ ਜੁੜੇ ਸਮੂਹ ਮੈਂਬਰਾਂ ਦਾ ਮਕਸਦ ਨਿਸ਼ਕਾਮ ਭਾਵ ਨਾਲ਼ ਲੋੜਵੰਦ ਪਰਿਵਾਰਾਂ ਦੀ ਮਦਦ ਕਰਦੇ ਹਨ । ਪਿੰਡ ਦੇ ਸਰਪੰਚ ਤਲਵਿੰਦਰ ਸ਼ੇਰਗਿੱਲ ਨੇ ਸਮੂਹ ਸੰਸਥਾ ਮੈਂਬਰਜ਼ ਦਾ ਇਸ ਨੇਕ ਕਾਰਜ ਲਈ ਧੰਨਵਾਦ ਕਰਦੇ ਹੋਏ ਕਿਹਾ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਲੋੜਵੰਦ ਪਰਿਵਾਰਾਂ ਦੀ ਬਹੁਤ ਵੱਡੀ ਮਦਦ ਕਰ ਰਹੀ ਹੈ ਅਤੇ ਉਨ੍ਹਾਂ ਦੀ ਸਮਾਜ ਨੂੰ ਮਿਸਾਲੀ ਦੇਣ ਹੈ । ਉਨ੍ਹਾਂ ਨੂੰ ਆਸ ਹੈ ਕਿ ਸੰਸਥਾ ਅੱਗੇ ਭਵਿੱਖ ਵਿਚ ਵੀ ਸਮਾਜ ਸੇਵਾ ਦੇ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੀ ਰਹੇਗੀ । ਉਨ੍ਹਾਂ ਇਸ ਪ੍ਰੋਜੈਕਟ ਦੇ ਚੈਅਰਮੈਨ ਰੋਟੇ ਸ ਰਣਜੀਤ ਸਿੰਘ ਕੰਦੋਲਾ ਹੋਰਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜੋ ਕਿ ਵਰਦੇ ਮੀਂਹ ਦੌਰਾਨ ਹੀ ਨੁਕਸਾਨੇ ਘਰਾਂ ਦਾ ਮੌਕਾ ਦੇਖਣ ਪੁੱਜੇ ਸਨ । ਇਸ ਮੌਕੇ ਰੋਟਰੀ ਕਲੱਬ ਉਪ ਪ੍ਰਧਾਨ ਸ਼ਮਿੰਦਰ ਸਿੰਘ ਗਰਚਾ, ਰੋਟੇ. ਜੀਵਨ ਦਾਸ ਕੌਸ਼ਲ ਪਾਸਟ ਸਕੱਤਰ,ਰੋਟੇ. ਡਾ ਪਰਮਜੀਤ ਸਿੰਘ ਰੱਤੂ, ਰੋਟੇ. ਗੁਰਬਖਸ਼ ਰਾਮ ਐਸ ਡੀ ਓ ਪਾਵਰਕਾਮ ,ਰੋਟੇ. ਸ਼੍ਰੀ ਦਵਿੰਦਰ ਕੁਮਾਰ , ਰੋਟੇ .ਸ ਹਰਮਿੰਦਰ ਸਿੰਘ ਲੱਕੀ, ਰੋਟੇ. ਸ ਬਲਵਿੰਦਰ ਸਿੰਘ ਪਾਂਧੀ,ਰੋਟੇ. ਸ ਸੁਖਵਿੰਦਰ ਸਿੰਘ ਧਾਮੀ,ਰੋਟੇ.ਸ਼੍ਰੀ ਰਾਮ ਤੀਰਥ,ਰੋਟੇ. ਸ਼੍ਰੀ. ਬਲਵੀਰ ਕੁਮਾਰ ਸਿਵਲ ਸਰਜਨ ਹੁਸ਼ਿਆਰਪੁਰ, ਨਰਿੰਦਰ ਮਾਹੀ ਮਨਜਿੰਦਰ ਸਿੰਘ ਅਤੇ ਰੋਟੇ. ਰਣਜੀਤ ਸਿੰਘ ਕੰਦੋਲਾ ਹਾਜ਼ਰ ਰਹੇ।

# ਰੋਟੋਰੂਆ ਨਿਊਜ਼ੀਲੈਂਡ ਵਿੱਚ ਹੋਈ ਬੋਲੀ (Auciton) ਵਿੱਚ 170 ਬਿੱਡਾਂ (Bids) ਲੱਗੀਆਂ

ਭਾਵੇਂ ਕਿ ਨਿਊਜ਼ੀਲੈਂਡ ਭਰ ਵਿੱਚ ਰੌਲਾ ਪਿਆ ਹੋਇਆ ਹੈ ਕਿ ਘਰਾਂ ਦੀਆਂ ਕੀਮਤਾਂ ਥੱਲੇ ਗਈਆਂ ਹੋਈਆਂ ਹਨ ਅਤੇ ਘਰ ਵੇਚਣਾ ਬਹੁਤ ਮੁਸ਼ਕਲ ਹੈ ।

ਬੀਤੇ ਹਫ਼ਤੇ ਰੋਟੋਰੂਆ EVES ਰੀਅਲ ਐਸਟੇਟ ਦੇ ਨਵੇਂ ਔਕਸ਼ਨ ਰੂਮ ਵਿੱਚ ਪਹਿਲੀ ਬੋਲੀ (Auciton) ਹੋਈ ਜਿਸ ਵਿੱਚ ਚਾਰ ਯੂਨਿਟਾਂ ਵਿਕਰੀ ਤੇ ਸਨ । ਇਹ ਚਾਰ ਯੂਨਿਟ ਵੱਖਰੇ ਵੱਖਰੇ ਡਰਾਈਵ ਵੇ ਤੇ ਬਣੇ ਹੋਏ ਸਨ ।




ਇਸ ਬੋਲੀ ਤੇ ਖਰੀਦਦਾਰਾਂ ਨੇ ਕਾਫੀ ਦਿਲਚਸਪੀ ਦਿਖਾਈ ਲ ਔਕਸ਼ਨ ਰੂਮ ਭਰਿਆ ਹੋਇਆ ਸੀ ਅਤੇ ਕੁੱਝ ਲੋਕ ਬਾਹਰ ਵੀ ਖੜ੍ਹੇ ਸਨ । ਇਸ ਔਕਸ਼ਨ ਤੇ 170 ਬਿੱਡਾਂ ਲੱਗੀਆਂ ਅਤੇ ਮੈਨੂੰ ਇਹ ਚਾਰ ਯੂਨਿਟ $1,053,500 ਦੀ ਕੀਮਤ ਤੇ ਖਰੀਦਣ ਦਾ ਮੌਕਾ ਮਿਲਿਆ । Gary ਸ਼ਿਨਗਹ ਅਤੇ ਝੋ ਦੁਆਰਾ ਵੇਚੀ ਇਹ ਪ੍ਰਾਪਰਟੀ ਇਨਵੈਸਟਰਾਂ ਲਈ ਬਹੁਤ ਖਿੱਚ ਦਾ ਕੇਂਦਰ ਰਹੀ । ਇਸ ਤੋਂ ਪਤਾ ਲਗਦਾ ਹੈ ਕਿ ਵਧੀਆ ਮਾਰਕੀਟਿੰਗ ਨਾਲ ਪ੍ਰਾਪਰਟੀ ਅੱਜ ਵੀ ਵਧੀਆ ਭਾਅ ਤੇ ਵਿਕ ਸਕਦੀ ਹੈ ਪਰ ਪ੍ਰਾਪਰਟੀ ਦੀ ਕੀਮਤ ਅਤੇ ਹਾਲਤ ਠੀਕ ਹੋਣੀ ਚਾਹੀਦੀ ਹੈ ।ਥੱਲੇ ਫੋਟੋ ਵਿੱਚ ਮੇਰੇ ਇੱਕ ਪਾਸੇ EVES ਦੀ ਮਾਰਕੀਟਿੰਗ ਮੈਨੇਜਰ ਰੈਵਨ ਤੇ ਨਾਲ ਸੇਲਸ ਏਜੇਂਟ ਗੈਰੀ ਸਿੰਘ ਅਤੇ ਦੂਜੇ ਪਾਸੇ ਬੇਟਾ ਨਵਦੀਪ ਹੈ ।

ਇਸ ਮੌਕੇ ਮਿਲੇ ਗੋਰੇ ਇਨਵੈਸਟਰਾਂ ਨੇ ਮੇਰੀ ਰੀਅਲ ਐਸਟੇਟ ਬਾਰੇ ਲਿਖੀ ਕਿਤਾਬ Homeless To Mulit Mililoniare ਵਿੱਚ ਬਹੁਤ ਦਿਲਚਸਪੀ ਦਿਖਾਈ ਅਤੇ ਮੈਨੂੰ ਕਿਤਾਬ ਵਾਸਤੇ ਮੁਬਾਰਕਾਂ ਦਿੱਤੀਆਂ । ਗੈਰੀ ਸਿੰਘ ਨੇ ਆਪਣੇ ਕਲਾਇੰਟਾਂ ਵਾਸਤੇ ਮੇਰੀ ਕਿਤਾਬ ਦੀਆਂ ਦਸ ਹੋਰ ਕਿਤਾਬਾਂ ਲਈਆਂ ਕਿਉਂਕਿ ਪਹਿਲੀਆਂ ਕਿਤਾਬਾਂ ਖਤਮ ਹੋ ਗਈਆਂ ਸਨ।

ਮੇਰੇ ਵਲੋਂ ਸਾਰੇ ਕਿਤਾਬ ਦੇ ਪਾਠਕਾਂ ਨੂੰ ਸ਼ੁਭ ਇੱਛਾਵਾਂ।

**-ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਸੜੋਆ ਦੀ ਮੀਟਿੰਗ ਹੋਈ

**ਸੜੋਆ( ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਸੜੋਆ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਜੈਨ ਪੁਰ ਹਾਜ਼ਰ ਹੋਏ ਇਸ ਦੌਰਾਨ ਉਨ੍ਹਾਂ ਬੋਲਦਿਆਂ



ਕਿਹਾ ਕਿ ਇਹ ਮੀਟਿੰਗ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤੀ ਗਈ ਅਤੇ ਸ ਭਗਤ ਸਿੰਘ ਦੇ ਦਾ128 ਜ਼ਨਮ ਦਿਨ ਮਨਾਇਆ ਗਿਆ ਭਗਤ ਸਿੰਘ ਜੀ ਦੀ ਸਮਾਰਕ ਤੇ ਜਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਲੱਡੂ ਵੰਡੇ ਗਏ ਇਸ ਦੌਰਾਨ ਹਾਜ਼ਰ ਹੋਏ ਡਾਕਟਰ ਜਗਤਾਰ ਸਿੰਘ ਡਾਕਟਰ ਸੁਰਿੰਦਰ ਨੌਰਥ ਡਾਕਟਰ ਸ਼ੇਰ ਸਿੰਘ ਡਾਕਟਰ ਪ੍ਰੇਮ ਡਾਕਟਰ ਗੁਰਦੇਵ ਸਿੰਘ ਡਾਕਟਰ ਨਿਰਮਲ ਸਿੰਘ ਡਾਕਟਰ ਜੋਗ ਰਾਜ ਡਾਕਟਰ ਹੈਪੀ ਡਾਕਟਰ ਲਲਿਤ ਕੁਮਾਰ ਪ੍ਰੈਸ ਸਕੱਤਰ ਡਾਕਟਰ ਬਲਵੀਰ ਮਾਨ ਆਦਿ ਹਾਜ਼ਰ ਸਨ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

## HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: ... (Diabetes), ... (Asthma), ... (Arthritis), ... (Rheumatism), ... (Sciatica), ... (Indigestion), ... (Heart Burning) ... (Constipation), ... (Piles) ... (Haemorrhoids), ... (Flatulence), ... (Jaundice), ... (Hepatitis), ... (Hernia), ... (Blood Presure High or Low), ... (Obesity), ... (Migraine), ... (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ... ANAEMIA ... £120

2) ... (NERVE TONIC) ... £120

### ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE), ...

### ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... 1 ਮਹੀਨੇ ਦੀ ਕੀਮਤ:

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ... TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

### ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Pruritis), ... (Sterility), ... (Miscarriage) ... (Diseases of Post Partum) ... (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ...

### ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ABSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

• HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਪਿੰਡ ਭਰੋਮਜਾਰਾ ਪ੍ਰਸ਼ਾਸਨ ਨੂੰ ਸ਼ਰਾਰਤੀ ਅਨਸਰਾਂ ਖਿਲਾਫ਼ ਪੱਚਰਾ ਦਰਜ ਕਰੇ : ਬਸਪਾ ਆਗੂ

**ਬੰਗਾ ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਦੇ ਪਿੰਡ ਭਰੋਮਜਾਰਾ ਦੇ ਡਾ ਅੰਬੇਦਕਰ ਮੁ੍ਹਲਾ ਵਿੱਚ ਪਿਛਲੇ ਸਮੇਂ ਤੋਂ ਡਾ ਅੰਬੇਦਕਰ ਜੀ ਦੇ ਨਾਲ ਲਗਦੀ ਐਸ ਸੀ ਭਾਈਚਾਰੇ ਦੀ ਜ਼ਮੀਨ ਤੇ ਇਕ ਪਰਿਵਾਰ ਨੇ ਕਬਜ਼ਾ ਕੀਤਾ ਹੋਇਆ ਹੈ ਉਨ੍ਹਾਂ ਵਲੋਂ ਜਮੀਨ ਛੱਡਣ ਦੀ ਬਜਾਏ ਪਿਛਲੇ ਸਮੇਂ ਡਾ ਅੰਬੇਦਕਰ ਜੀ ਦੇ ਸਥਾਪਿਤ ਸਟੈਚੂ ਨੂੰ ਵੀ ਨੁਕਸਾਨ ਪਹੁਚਾਉਣ ਦੀ ਨੀਅਤ ਨਾਲ ਦੀ ਬਹਾਈ ਕਰਨ ਦੇ ਬਹਾਨੇ ਕਰਦਾ ਰਿਹਾ ਪਿੰਡ ਵਾਸੀਆਂ ਦੇ ਵਿਰੋਧ ਕਾਰਨ ਤੇ ਪ੍ਰਸ਼ਾਸਨ ਦੀ ਦਖਲਅੰਦਾਜੀ ਨਾਲ ਕੰਮ ਰੋਕਿਆ ਫਿਰ ਮਿਣਤੀ ਵੀ ਸਹੀ ਢੰਗ ਨਾਲ ਨਹੀਂ ਕਰਵਾਈ ਪੰਚਾਇਤ ਤੇ ਡਾ ਅੰਬੇਦਕਰ ਨੋਜਵਾਨ ਸਭਾ ਵਲੋਂ ਦੁਵਾਰਾ ਮਿਣਤੀ ਕਰਵਾਉਣ ਲਈ ਏ ਡੀ ਸੀ ਨੂੰ ਮਿਲੇ ਨਿਰਪੱਖ ਮਿਣਤੀ ਕਰਨ ਦੀ ਮੰਗ ਕੀਤੀ ਮਿਣਤੀ ਦਵਾਰਾ ਕਰਨੀ ਤੋ ਪਹਿਲਾਂ ਸਟੇਅ ਲੈ ਲਿਆ ਪਰਸੋ ਧਕੇ ਨਾਲ ਬਾਹਣ ਦੇ ਉਦੇਸ਼ ਨਾਲ ਸਟੇਅ ਵਿੱਚ ਹੀ ਟਰੈਕਟਰ ਤੇ ਆਦਮੀਆਂ ਨੂੰ ਮੁਹਲਾ ਨਿਵਾਸੀਆਂ ਨੂੰ ਡਰਾਉਣ ਧਮਕਾਉਣ ਲਈ





ਲਿਆਂਦਾ ਮਾਮਲਾ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਂਦਾ ਉਨ੍ਹਾਂ ਦੇ ਰੋਕਣ ਤੇ ਕਲ ਸਵੇਰੇ ਫਿਰ ਰਸਤੇ ਵਾਲੀ ਜਗਾ ਵਿੱਚ ਪਾਣੀ ਭਰ ਦਿੱਤਾ ਤਾਂ ਮਾਮਲਾ ਪਿੰਡ ਵਾਸੀਆਂ ਤੇ ਸਤਿਕਾਰਯੋਗ ਸੰਤ ਕੁਲਵੰਤ ਰਾਮ ਜੀ ਨੇ ਮਾਮਲਾ ਬਹੁਜਨ ਸਮਾਜ ਪਾਰਟੀ ਦੇ ਧਿਆਨ ਵਿੱਚ ਲਿਆਂਦਾ ਤੁਰੰਤ ਪ੍ਰਸ਼ਾਸਨ ਨਾਲ ਰਾਬਤਾ ਕੀਤਾ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਵੀ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਿਲੇ ਦੇ ਐਸ ਐਸ ਪੀ ਸਾਹਿਬ ਜੀ ਨਾਲ ਗਲ ਕੀਤੀ ਸਟੇਅ ਦੇ ਦਰਮਿਆਨ ਦਖਲ ਅੰਦਾਜ਼ੀ ਕਰਨ ਵਾਲੇ ਅਨਸਰਾਂ ਸੁਰਿੰਦਰ ਮੋਹਨ ਦੇ ਖਿਲਾਫ਼ ਕਾਰਵਾਈ ਕਰਨ ਲਈ ਕਿਹਾ ਪਰਸ਼ਾਸਨ ਵਲੋਂ ਬਲਵਿੰਦਰ ਮੋਹਨ ਦੇ ਖਿਲਾਫ਼ ਪਰਚਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਪਾਰਟੀ ਸਹਿਯੋਗੀਆਂ ਸਮੇਤ ਭਰੋਮਜਾਰਾ ਪਹੁੰਚਕੇ ਪਿੰਡ ਵਾਸੀਆਂ ਨੂੰ ਮਿਲਕੇ ਵਿਚਾਰ ਵਿਟਾਂਦਰਾ ਕਰਕੇ ਪਿੰਡ ਵਾਸੀਆਂ ਦੇ ਨਾਲ ਬਹਿਰਾਮ ਪੁਲਿਸ ਨੂੰ ਅਗਲੀ ਕਾਰਵਾਈ ਲਈ ਦਰਖਾਸਤ ਦਿੱਤੀ ਕਲ ਦੁਸਹਿਰੇ ਦੇ ਕਾਰਨ ਪੁਲਿਸ ਅਧਿਕਾਰੀ ਸੁਰਖਿਆ ਪ੍ਰਬੰਧਾਂ ਵਿਚ ਲਗੇ ਹੋਏ ਸੀ ਅਜ ਦਾ ਸਮਾਂ ਰੱਖਿਆ ਹੈ ਬਹੁਜਨ ਸਮਾਜ ਪਾਰਟੀ ਧਕੇਸ਼ਾਹੀ ਨੂੰ ਸਹਿਣ ਨਹੀਂ ਕਰੇਗੀ ਬਸਪਾ ਪ੍ਰਸ਼ਾਸਨ ਨੂੰ ਦੋਸ਼ੀਆਂ ਦੇ ਖਿਲਾਫ਼ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਇਸ ਮੌਕੇ ਤੇ ਪ੍ਰਵੀਨ ਬੰਗਾ, ਜੱਸੀ ਤੱਲਣ, ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ, ਕੁਲਦੀਪ ਸਿੰਘ ਬਹਿਰਾਮ, ਤੀਰਥ ਕਲਸੀ ਬਹਿਰਾਮ ਅਤੇ ਬਾਕੀ ਨਗਰ ਨਿਵਾਸੀ ਹਾਜ਼ਰ ਸਨ।

# ਕੂੰਮ ਕਲਾਂ ਇਲਾਕੇ ਵਿੱਚ ਸੜਕਾਂ ਦਾ ਬਹੁਤ ਬੂਰਾ ਹਾਲ ਮੁੰਡੀਆਂ ਜੀ ਧਿਆਨ ਦਿਓ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਪਿਛਲੇ ਦਿਨੀ ਸਮੁੱਚੇ ਪੰਜਾਬ ਦੇ ਵਿੱਚ ਜਬਰਦਸਤ ਮੀਂਹ ਪਿਆ ਜਿਸ ਤੋਂ ਬਾਅਦ ਹੜ੍ਹ ਤੱਕ ਆ ਗਏ ਲਗਾਤਾਰ ਪਏ ਮੀਂਹ ਕਾਰਨ ਜਿੱਥੇ ਹੋਰ ਨੁਕਸਾਨ ਹੋਇਆ ਉੱਥੇ ਸੜਕਾਂ ਨੂੰ ਵੀ ਬਹੁਤ ਨੁਕਸਾਨ ਪੁੱਜਾ ਹੈ। ਕਈ ਸੜਕਾਂ ਤਾਂ ਬਿਲਕੁਲ ਗਾਇਬ ਹੀ ਹੋ ਗਈਆਂ ਹਨ ਕੁਝ ਪਾਣੀ ਦੇ ਵਹਾਅ ਕਾਰਨ ਕੁਝ ਘਟੀਆ ਮਟੀਰੀਅਲ ਵਰਤਣ ਕਾਰਨ ਤੇ ਕੁਝ ਕਿਸਾਨ ਭਰਾਵਾਂ ਵੱਲੋਂ ਸੜਕਾਂ ਦੀਆਂ ਸਾਈਡਾਂ ਵੱਢਣ ਕਾਰਨ ਸੜਕਾਂ ਨੂੰ ਨੁਕਸਾਨ ਪੁੱਜਦਾ ਹੈ।

ਅੱਜ ਕਿਸੇ ਕੰਮ ਦੇ ਮਾਮਲੇ ਦੇ ਵਿੱਚ ਕੂੰਮ ਕਲਾ ਚੌਂਤਾ ਰਤਨਗੜ੍ਹ ਬਲੀਏਵਾਲ ਇਲਾਕੇ ਵਿੱਚ ਜਾਣ ਦਾ ਮੌਕਾ ਮਿਲਿਆ। ਪ੍ਰਤਾਪਗੜ੍ਹ ਟੇਢੇਵਾਲ ਤੋਂ ਕੂੰਮਕਲਾਂ ਵਾਲੀ ਸੜਕ ਵੈਸੇ ਤਾਂ ਪਹਿਲਾਂ ਵੀ ਬਹੁਤ ਖਰਾਬ ਸੀ ਪਰ ਹੁਣ ਇਸ ਤਰਾਂ ਜਾਪ ਰਿਹਾ ਹੈ ਜਿਵੇਂ ਇਹ ਸੜਕ ਆਪਣੀ ਹੋਂਦ ਗੁਵਾਉਂਦੀ ਨਜ਼ਰ ਆ ਰਹੀ ਹੈ ਵੱਡੇ ਵੱਡੇ ਟੋਏ ਸੜਕ ਵਿੱਚ ਪੈ ਚੁੱਕੇ ਹਨ ਵੱਡੀਆਂ ਗੱਡੀਆਂ ਕਾਰਾਂ ਤਾਂ ਕੀ ਮੋਟਰਸਾਈਕਲ ਸਕੂਟਰ ਵੀ ਚਲਾਉਣੇ ਮੁਸ਼ਕਿਲ ਹਨ। ਇਸ ਤੋਂ ਬਾਅਦ ਜਦੋਂ ਆਪਾਂ ਰਤਨਗੜ੍ਹ ਤੋਂ ਮਾਛੀਵਾੜਾ ਨੂੰ ਜਾਂਦੇ ਹਾਂ ਤਾਂ ਬਲੀਏਵਾਲ ਦੇ ਕੋਲ ਵੀ ਸੜਕ ਵਿੱਚ ਬਹੁਤ ਵੱਡੇ ਵੱਡੇ ਟੋਏ ਪੈ ਚੁੱਕੇ ਹਨ ਸੜਕ ਦੇ ਉੱਪਰ ਹੋਰ ਕੁਝ ਨਹੀਂ ਨਜ਼ਰ ਆ ਰਿਹਾ ਸਿਰਫ ਬਜਰੀ ਹੀ ਨਜ਼ਰ ਆ ਰਹੀ ਹੈ ਜਿਸ ਕਾਰਨ ਇਸ ਵਿੱਚੋਂ ਲੰਘਣਾ ਵੀ ਬਹੁਤ ਮੁਸ਼ਕਿਲ ਹੋ ਚੁੱਕਿਆ ਹੈ।



ਇਹ ਜੋ ਇਲਾਕਾ ਹੈ ਵਿਧਾਨ ਸਭਾ ਹਲਕਾ ਸਾਹ-ਨੇਵਾਲ ਦੇ ਵਿੱਚ ਪੈਂਦਾ ਹੈ ਜਿੱਥੋਂ ਇਸ ਵੇਲੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਹਨ ਜੋ ਪੰਜਾਬ ਕੈਬਨਿਟ ਵਿੱਚ ਮੰਤਰੀ ਵੀ ਹਨ ਅਸੀਂ ਹਰਦੀਪ ਸਿੰਘ ਮੁੰਡੀਆਂ ਜੀ ਨੂੰ ਬੇਨਤੀ ਕਰਦੇ ਹਾਂ ਕਿ ਜਿਸ ਹਿਸਾਬ ਦੇ ਨਾਲ ਸੜਕਾਂ ਖਰਾਬ ਹੋ ਗਈਆਂ ਹਨ ਤੁਸੀਂ ਆਪਣੇ ਰਹਿੰਦੇ ਸਮੇਂ ਦੇ ਵਿੱਚ ਇਹਨਾਂ ਸੜਕਾਂ ਦੀ ਸਾਰ ਜਰੂਰ ਲਓ ਕਿਉਂਕਿ ਲੋਕਾਂ ਦਾ ਲੰਘਣਾ ਕਰਨਾ ਬਹੁਤ ਮੁਸ਼ਕਿਲ ਹੋਇਆ ਹੈ।

ਜਦੋਂ ਸੱਥ ਵਿੱਚ ਬੈਠੇ ਕੁਝ ਵਿਅਕਤੀਆਂ ਤੋਂ ਇਹਨਾਂ ਸੜਕਾਂ ਦੀ ਜਾਣਕਾਰੀ ਲੈਣ ਸੰਬੰਧੀ ਗੱਲ ਕੀਤੀ ਤਾਂ ਉਹਨਾਂ ਦਾ ਸਿੱਧਾ ਤੌਰ ਤੇ ਕਹਿਣਾ ਸੀ ਬਾਈ ਇਹ ਸੜਕਾਂ ਮੀਂਹ ਨੇ ਘੱਟ ਖਰਾਬ ਕੀਤੀਆਂ ਨੇ ਵੱਡੇ ਵੱਡੇ ਟਿੱਪਰ ਜਿਹੜੇ ਰੇਤੇ ਵਾਲੇ ਇਸ ਇਲਾਕੇ ਵਿੱਚ ਆ ਰਹੇ ਨੇ ਉਹਨਾਂ ਨੇ ਵੱਧ ਖਰਾਬ ਕੀਤੀਆਂ ਨੇ ਸੋ ਇੱਕ ਨਹੀਂ ਅਨੇਕਾਂ ਕਾਰਨ ਹਨ। ਸਰਕਾਰ ਨੂੰ ਬੇਨਤੀ ਹੈ ਕਿ ਇਹਨਾਂ ਸੜਕਾਂ ਦੀ ਸਾਰ ਲਈ ਜਾਵੇ ਤੇ ਲੋਕਾਂ ਦੀ ਮਸ਼ੀਨਰੀ ਖਰਾਬ ਹੋ ਰਹੀ ਹੈ। ਹਾਦਸੇ ਹੋ ਰਹੇ ਹਨ। ਉਹਨਾਂ ਦਾ ਧਿਆਨ ਰੱਖਿਆ ਜਾਵੇ।

# ਸ਼ਹਿਰ ਦੇ ਵਿਕਾਸ ਲਈ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਜਸਵਿੰਦਰ ਸਿੰਘ ਸਿਆਣ ਦੀ ਖਾਸ ਮੁਲਾਕਾਤ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਅੱਜ ਆਮ ਆਦਮੀ ਪਾਰਟੀ ਦੇ ਵਰਕਰ ਜਸਵਿੰਦਰ ਸਿੰਘ ਸਿਆਣ. ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦੇ ਹੁਕਮ ਅਨੁਸਾਰ ਹਲਕਾ ਵਿਧਾਇਕ ਤੇ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਕੁਲਵੰਤ ਸਿੰਘ ਪੰਡੋਰੀ ਦੇ ਨਾਲ ਮਿਲ ਕੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਖ਼ਾਸ ਮੁਲਾਕਾਤ ਕੀਤੀ। ਇਸ ਦੌਰਾਨ ਸ਼ਹਿਰ ਦੀ ਤਰੱਕੀ ਅਤੇ ਲੋਕਾਂ ਦੀਆਂ ਮੁੱਖ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਿ ਸ਼ਹਿਰ ਵਿੱਚ ਬਣ ਰਹੀ ਨਵੀਂ ਪਾਰਕ ਜਗਤਪੁਰ ਰੋਡ ਵਾਰਡ ਨੰਬਰ 13 ਦਾ ਉਦਘਾਟਨ ਕਰਨ ਲਈ ਸੱਦਾ ਪੱਤਰ ਭੇਂਟ ਕੀਤਾ ਗਿਆ। ਕਿਹਾ ਕਿ ਇਹ ਪਾਰਕ ਸ਼ਹਿਰ ਵਾਸੀਆਂ ਲਈ ਸਿਹਤ ਅਤੇ ਮਨੋਰੰਜਨ ਦਾ ਮਹੱਤਵਪੂਰਣ ਕੇਂਦਰ ਬਣੇਗਾ। ਕੁਲਤਾਰ ਸਿੰਘ ਸੰਧਵਾਂ ਵਲੋਂ ਸੱਦੇ ਨੂੰ ਸਵੀਕਾਰ ਕਰਦੇ ਹੋਏ ਜਲਦੀ ਹੀ ਉਦਘਾਟਨ ਸਮਾਰੋਹ ਵਿੱਚ ਸ਼ਿਰਕਤ ਕਰਨ ਦਾ ਭਰੋਸਾ ਦਿੱਤਾ ਗਿਆ ਸਿਆਣ ਨੇ ਕੁਲਤਾਰ ਸਿੰਘ ਸੰਧਵਾਂ ਅੱਗੇ ਸ਼ਹਿਰ ਦੇ ਵਿਕਾਸ ਪ੍ਰੋਜੈਕਟਾਂ ਲਈ ਵਧੇਰੇ ਫੰਡਾਂ ਦੀ ਮੰਗ ਕੀਤੀ ਅਤੇ ਕਿਹਾ ਕਿ ਲੋਕਾਂ ਦੀ ਭਲਾਈ ਲਈ ਨਵੇਂ ਪ੍ਰੋਜੈਕਟ ਸ਼ੁਰੂ ਕਰਨਾ ਸਮੇਂ ਦੀ ਲੋੜ ਹੈ। ਸਪੀਕਰ ਸਾਹਿਬ ਨੇ ਭਰੋਸਾ ਦਿਵਾਇਆ ਕਿ ਸ਼ਹਿਰ ਦੀ ਕਾਮਯਾਬੀ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

# *ਸੰਤੋਸ਼ ਕਟਾਰੀਆ ਵਿਧਾਇਕ ਨੇ ਨਾਨੋਵਾਲ ਕੰਢੀ ਵਿਖੇ ਸਿੰਜਾਈ ਵਾਲੇ ਟਿਊਬਵੈੱਲ ਦਾ ਕੀਤਾ ਉਦਘਾਟਨ...

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਹੇਠ ਕਿਸਾਨਾਂ ਦੀ ਖੁਸ਼ਹਾਲੀ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਨਾਨੋਵਾਲ ਕੰਢੀ ਵਿਖੇ ਟਿਊਬਵੈੱਲ ਦੇ ਉਦਘਾਟਨ ਕਰਨ ਮੌਕੇ ਕੀਤਾ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਦੀ ਦੂਰ ਅੰਦੇਸ਼ੀ ਸੋਚ ਸਦਕਾ ਹੀ ਨਹਿਰੀ ਪਾਣੀ ਨੂੰ ਸੂਏ ਤੇ ਟੇਲਾਂ ਰਾਹੀ ਕਿਸਾਨਾਂ ਦੀਆਂ ਜ਼ਮੀਨਾਂ ਤੱਕ ਪੁੱਜਦਾ ਕੀਤਾ। ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਨੇ ਕੰਢੀ ਖੇਤਰ ਦੇ ਛੋਟੇ ਕਿਸਾਨਾਂ ਦੀ ਸੁਵਿਧਾ ਲਈ ਕੰਢੀ ਨਹਿਰ ਦਾ ਚਾਲੂ ਕਰਨਾ ਤੇ ਕਈ ਟਿਊਬਵੈੱਲਾਂ ਦਾ ਚਾਲੂ ਕਰਨਾ ਵਰਦਾਨ ਸਾਬਿਤ ਹੋ ਰਿਹਾ ਹੈ। ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਸਰਪੰਚ ਕਮਲਜੀਤ ਕੌਰ ਤੇ ਬਲਾਕ ਪ੍ਰਧਾਨ ਲਖਵਿੰਦਰ ਕੁਮਾਰ ਨੇ ਕਿਹਾ ਕਿ ਕੰਢੀ ਖੇਤਰ ਵਿੱਚ ਬਹੁਤਾਤ ਵਿੱਚ ਸਿੰਜਾਈ ਦੇ ਟਿਊਬਵੈੱਲਾਂ ਨੂੰ ਚਾਲੂ ਕਰਵਾਉਣ ਲਈ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਦਾ ਬਹੁਤ ਵੱਡਮੁੱਲਾ ਯੋਗਦਾਨ ਹੈ। ਇਸ ਮੌਕੇ ਸਰਪੰਚ ਕਮਲਜੀਤ ਕੌਰ , ਪੰਚ ਅਮਰਨਾਥ ,ਮਦਨ ਲਾਲ ,ਕੇਸ਼ੋ, ਤੋਸ਼ੀ , ਅੱਛਰੀ , ਸੈਕਟਰੀ ਕੁਲਦੀਪ ,ਬਲਾਕ ਪ੍ਰਧਾਨ ਲਖਵਿੰਦਰ , ਬਲਦੇਵ ਰਾਜ ਸਾਬਕਾ ਸੰਮਤੀ ਮੈਂਬਰ, ਸਰਪੰਚ ਹਰਮੇਸ਼ ਲਾਲ ,ਸੋਹਨ ਲਾਲ, ਰਾਮ ਸਰਨ, ਰਾਮ ਧਨ ਓਮ ਪ੍ਰਕਾਸ਼ ਬਿੰਦਰ ਭਾਟੀਆ ਤਰਸੇਮ ਭਾਟੀਆ ਸ਼ਾਮ ਲਾਲ ਭਾਟੀਆ, ਤਰਸੇਮ ਚੌਹਾਨ , ਹੁਸਨ ਲਾਲ ,ਮੋਹਨ ਲਾਲ ਭਾਟੀਆ, ਸ਼ਕਤੀ ਭਾਟੀਆ, ਨੀਰਜ ਚੌਹਾਨ,ਹਰਸ਼ ਚੌਹਾਨ, ਚਮਨ ਲਾਲ, ਬਲਦੇਵ ਚੋਹਾਨ, ਸੁਖਦੇਵ ਸਿੰਘ , ਸੰਮੂ ਭੂੰਬਲਾ, ਹਰੀਸ਼ ਚੌਧਰੀ ,ਪੰਮੀ ,ਕੇਸਰ ,ਸੋਹਨ ਲਾਲ ਜੀਤ ਪੁਰ , ਕਸ਼ਮੀਰੀ ਭੂੰਬਲਾ, ਪੰਮਾ ਭਾਟੀਆ, ਬਿੰਦਰ ਹੱਕਲਾ, ਹੁਸਨ ਚੌਹਾਨ, ਜਸਪਾਲ ਲੰਬੜਦਾਰ, ਗੌਰਵ ਚੌਹਾਨ, ਓਮ ਪ੍ਰਕਾਸ਼ ਸੈਕਟਰੀ ਰਾਕੇਸ਼ ਭੂੰਬਲਾ ਆਦਿ ਹਾਜਰ ਸਨ।

# ‘ਮਨ ਵਿੱਚ ਵਿਦੇਸ਼’



ਅੱਜ ਕੱਲ ਮੁੰਡੇ ਕੁੜੀਆਂ ਦੇਖੋ ਦੇਖੀ ਕਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਆਦਿ ਦੇਸ਼ਾਂ ਵਿੱਚ ਜਾ ਰਹੇ ਹਨ। ਅਜੋਕਾ ਯੁਗ ਸੂਚਨਾਵਾਂ ਅਤੇ ਜਾਣਕਾਰੀਆਂ ਦਾ ਯੁਗ ਹੈ। ਮਨੁੱਖ ਜਿਉਂ ਜਿਉਂ ਤਰੱਕੀਆਂ ਤੇ ਬੁਲੰਦੀਆਂ ਛੂੰਹਦਾ ਜਾ ਰਿਹਾ ਹੈ ,ਤਿਉਂ ਤਿਉਂ ਹੀ ਉਹ ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹੈ । ਇਲੈਕਟ੍ਰਾਨਿਕ ਮੀਡੀਆ, ਪ੍ਰਿੰਟ ਮੀਡੀਆ, ਇੰਟਰਨੈਟ ਆਦਿ ਨਾਲ ਮਨੁੱਖ ਭਾਵੇਂ ਅੱਜ ਸਾਰੇ ਸੰਸਾਰ ਵਿੱਚ ਵਿੱਚਰ ਰਿਹਾ ਹੈ, ਜਾਣਕਾਰੀਆਂ ਦਾ ਲੈਣ- ਦੇਣ ਕਰ ਰਿਹਾ ਹੈ। ਮੇਲ- ਮਿਲਾਪ ਕਰ ਰਿਹਾ ਹੈ ,ਵਪਾਰ ਕਰ ਰਿਹਾ ਹੈ, ਪਰ ਇੰਜ ਜਾਪਦਾ ਹੈ ਜਿਵੇਂ ਉਹ ਆਪ ਤੋਂ, ਆਪਣੇ ਪਰਿਵਾਰ ਤੋਂ ਦੂਰ ਹੁੰਦਾ ਜਾ ਰਿਹਾ ਹੈ ,ਅਤੇ ਪਰਦੇਸੀ ਬਣ ਗਿਆ ਹੈ। ਜਿੰਦਗੀ ਵਿੱਚ ਜਿੰਨੀਆਂ ਸਹੂਲਤਾਂ ਉਸ ਨੂੰ ਮਿਲ ਰਹੀਆਂ ਹਨ। ਉਹ ਸਹੂਲਤਾਂ ਉਸ ਨੂੰ ਪਿਛੋਕੜ ਵਿੱਚ ਕਦੇ ਵੀ ਨਹੀਂ ਸਨ ਮਿਲੀਆਂ। ਪਰ ਫਿਰ ਵੀ ਅੱਜ ਦਾ ਮਨੁੱਖ ਹੋਰ ਜਿਆਦਾ ਦਾ ਹੀ ਚਾਹਵਾਨ ਹੈ ।ਉਹ ਕਦੇ ਵੀ ਖੁਸ਼ ਨਹੀਂ ਦਿਖਾਈ ਦਿੰਦਾ ।ਉਹ ਅਜੇ ਹੋਰ ਬੁਲੰਦੀਆਂ ਨੂੰ ਛੂਹਣਾ ਚਾਹੁੰਦਾ ਹੈ ।ਅੱਜ ਉਹ ਆਪਣੇ ਮਨ ਦੀ ਖੁਸ਼ੀ ਲਈ ਸਤ ਸਮੁੰਦਰੋਂ ਪਾਰ ਜਾਂਦਾ ਹੈ। ਬੇਹਦ ਪੈਸਾ ਕਮਾਉਂਦਾ ਹੈ, ਪਰ ਫਿਰ ਵੀ ਉਹਦੀ ਭਟਕਣਾ ਖਤਮ ਨਹੀਂ ਹੁੰਦੀ ,ਭਾਵ ਉਹ ਖੁਸ਼ ਨਹੀਂ ਹੁੰਦਾ। ਉਸਦੇ ਮਨ ਵਿੱਚੋਂ ਇੱਕੋ ਸ਼ੱਕ ਰਹਿੰਦਾ ਹੈ, ਕਿ ਮੈਂ ਕਿਤੇ ਦੂਸਰਿਆਂ ਤੋਂ ਪਿੱਛੇ ਨਾ ਰਹਿ ਜਾਵਾਂ। ਆਪਣੇ ਆਪ ਤੋਂ ਨਾ ਖੁਸ਼ ਮਨੁੱਖ ਦਿਨ ਰਾਤ ਇੱਕ ਅਣਜਾਨ ਖੁਸ਼ੀ ਦੀ ਭਾਲ ਵਿੱਚ ਰਹਿੰਦਾ ਹੈ। ਜੋ ਸ਼ਾਇਦ ਉਸ ਨੂੰ ਖੁਸ਼ ਕਰ ਦੇਵੇਗੀ ।ਪਰ ਇਹੋ ਜਿਹਾ ਕਦੋਂ ਹੋਵੇਗਾ, ਇਹ ਖੁਸ਼ੀ ਮਨੁੱਖ ਨੂੰ ਕਦੋਂ ਮਿਲੇਗੀ ,ਇਸ ਬਾਰੇ ਕੋਈ ਵੀ ਪਤਾ ਨਹੀਂ ।ਇਸਦਾ ਅਰਥ ਨਹੀਂ ਕਿ ਮਨੁੱਖ ਤਰੱਕੀ ਕਰਨਾ ਛੱਡ ਜਾਵੇ ਜਾਂ ਅਗਾਂਹ ਵਧੂ ਸੋਚ ਨਾ ਰੱਖੇ ਅਤੇ ਮਿਹਨਤ ਨਾ ਕਰੇ ਧਨ- ਦੌਲਤ ਨਾ ਕਮਾਵੇ ।ਇਹ ਸਭ ਬਹੁਤ ਜਰੂਰੀ ਹਨ। ਇਹਨਾਂ ਤੋਂ ਬਿਨਾਂ ਜੀਵਨ ਅਧੂਰਾ ਹੈ। ਪਰ ਇਹਨਾਂ ਦੇ ਪਿੱਛੇ ਲੱਗ ਕੇ ਇਹ ਵੀ ਨਾ ਹੋਵੇ ,ਕਿ ਮਨੁੱਖ ਆਪਣੇ ਆਪ ਲਈ ਪਰਿਵਾਰ ਲਈ ਤੇ ਸਭ ਤੋਂ ਵੱਡੀ ਗੱਲ ਪਰਮਾਤਮਾ ਲਈ ਵਕਤ ਹੀ ਨਾ ਕੱਢ ਸਕੇ। ਇਹੋ ਜਿਹੀ ਖੁਸ਼ੀ ਅਤੇ ਤਰੱਕੀ ਦਾ ਕੀ ਫਾਇਦਾ? ਜਿਹੜੀ ਸਾਨੂੰ ਸਾਡੇ ਪਰਿਵਾਰ ਤੋਂ ਦੂਰ ਕਰ ਦੇਵੇ। ਸਾਨੂੰ ਆਪਣੇ ਆਪ ਲਈ ਵੀ ਸਮਾਂ ਕੱਢਣਾ ਚਾਹੀਦਾ ਹੈ। ਅਸੀਂ ਕਈ ਵਾਰ ਦੂਰ- ਦੁਰਾਡੇ ਤੱਕ ਤਾਂ ਆਪਣੀ ਪਹਿਚਾਣ ਬਣਾ ਲੈਂਦੇ ਹਾਂ ,ਪਰ ਬਹੁਤ ਵਾਰ ਅਸੀਂ ਆਪਣੇ ਆਪ ਤੋਂ ਅਨਜਾਣ ਰਹਿ ਜਾਂਦੇ ਹਾਂ। ਕਿ ਅਸਲ ਵਿੱਚ ਅਸੀਂ ਕੀ ਚਾਹੁੰਦੇ ਹਾਂ? ਮੈਨੂੰ ਕੀ ਚਾਹੀਦਾ ਹੈ? ਮੈਂ ਕਿਸ ਚੀਜ਼ ਲਈ ਭੱਜ ਦੌੜ ਕਰ ਰਿਹਾ ਹਾਂ, ਭਾਵ ਘਰ ਤੋਂ ਦੂਰ ਜਾ ਰਿਹਾ ਹਾਂ ,ਕਿ ਮੇਰੇ ਪਰਦੇਸ਼ ਜਾਣ ਨਾਲ ਬਿਨਾਂ ਨਹੀਂ ਸਰਦਾ। ਮੁਕਤੀ ਗੱਲ ਇਹ ਕਿ ਸਾਨੂੰ ਆਪਣੇ ਬਾਰੇ ਤੇ ਪਰਿਵਾਰ ਬਾਰੇ ਸਮਾਂ ਕੱਢਣਾ ਚਾਹੀਦਾ ਹੈ ।ਬੇਸ਼ੱਕ ਅਸੀਂ ਕਿਤੇ ਵੀ ਹੋਈਏ, ਆਖਰ ਸਾਡੇ ਤੇ ਸਾਡੇ ਪਰਿਵਾਰ ਦਾ ਵੀ ਹੱਕ ਹੈ। ਇਸ ਲਈ ਸਾਡਾ ਵੀ ਫਰਜ਼ ਬਣਦਾ ਹੈ ,ਕਿ ਅਸੀਂ ਆਪਣੇ ਪਰਿਵਾਰ ਮਨ ਨੂੰ ਪ੍ਰਦੇਸ਼ ਚੋਂ ਕੱਢ ਕੇ ਆਪਣੇ ਤੇ ਆਪਣੇ ਪਰਿਵਾਰ ਨਾਲ ਦੋਸਤਾਂ - ਮਿੱਤਰਾਂ ਅਤੇ ਪਰਮਾਤਮਾ ਨਾਲ ਮੇਲ -ਮਿਲਾਪ ਕਰਵਾਈਏ। ਕਈ ਵਾਰ ਵੇਖੋ-ਵੇਖੀ ਅਸੀਂ ਦੂਸਰਿਆਂ ਤੋਂ ਇਨਾ ਜਿਆਦਾ ਪ੍ਰਭਾਵਿਤ ਹੋ ਜਾਂਦੇ ਹਾਂ, ਕਿ ਅਸੀਂ ਆਪਣੇ ਆਪ ਨੂੰ ਹੀ ਭੁੱਲ ਜਾਂਦੇ ਹਾਂ ।ਸਾਡਾ ਮਨ ਹਰ ਸਮੇਂ ਕੁਝ ਨਾ ਕੁਝ ਲੋਚਦਾ ਰਹਿੰਦਾ ਹੈ ।ਇਹ ਸਾਡੇ ਅੰਦਰ ਹੋਣ ਦੇ ਬਾਵਜੂਦ ਵੀ ਪਤਾ ਨਹੀਂ ਦੁਨੀਆਂ ਦੇ ਕਿਹੜੇ -ਕਿਹੜੇ ਦੇਸ਼ ਦੀ ਸਾਨੂੰ ਸੈਰ ਕਰਵਾ ਦਿੰਦਾ ਹੈ। ਇਸ ਕਰਕੇ ਸਾਡਾ ਪ੍ਰਦੇਸ਼ ਮਨ ਦੇ ਅੰਦਰ ਹੈ ।ਜੋ ਕੁਝ ਵੀ ਅਸੀਂ ਹਾਸਲ ਕਰਨਾ ਚਾਹੁੰਦੇ ਹਾਂ। ਕਈ ਵਾਰ ਸਾਡੇ ਕੋਲ ਪਹਿਲਾਂ ਹੀ ਹੁੰਦਾ ਹੈ ।ਪਰ ਸਾਡਾ ਜੋ ਮਨ ਹੈ। ਉਹ ਸਾਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੋਣ ਦਿੰਦਾ ਤੇ ਸਾਡੀ ਭਜਾਈ ਰੱਖਦਾ ਹੈ। ਇਸੇ ਨੂੰ ਹੀ ਕਹਿੰਦੇ ਹਨ ”ਮਨ ਵਿੱਚ ਵਿਦੇਸ਼ ”।



**ਆਪ ਜੀ ਦਾ ਸ਼ੁਭ ਚਿੰਤਕ ਪਾਠਕ।**
**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ।**
6284145349

# ਏਕ ਪੇੜ ਮਾਂ ਕੇ ਨਾਮ' ਮੁਹਿੰਮ ਨੂੰ ਬਠਿੰਡਾ ਦੇ ਪ੍ਰਾਇਮਰੀ ਸਕੂਲਾਂ ਨੇ ਕਾਇਮ ਕੀਤੀ ਮਿਸਾਲ, ਹੁਣ ਤੱਕ ਲਗਾਏ 16370 ਪੌਦੇ, ਹਰ ਸਕੂਲ 'ਚ 'ਈਕੋ ਕਲੱਬ' ਸਥਾਪਿਤ

**ਬਠਿੰਡਾ(ਰਮੇਸ਼ਵਰ ਸਿੰਘ)** - ਵਾਤਾਵਰਨ ਸੰਭਾਲ ਅਤੇ ਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਉਜਾਗਰ ਕਰਦੀ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਜ਼ਿਲ੍ਹਾ ਬਠਿੰਡਾ ਦੇ ਪ੍ਰਾਇਮਰੀ ਸਕੂਲਾਂ ਨੇ ਵਾਤਾਵਰਨ ਨੂੰ ਬਚਾਉਣ ਲਈ ਸ਼ਲਾਘਾਯੋਗ ਉਪਰਾਲਾ ਕਰਦਿਆਂ ਮਿਸਾਲ ਕਾਇਮ ਕੀਤੀ। ਜ਼ਿਲ੍ਹੇ ਦੇ ਸਾਰੇ ਪ੍ਰਾਇਮਰੀ ਸਕੂਲਾਂ ਨੇ ਸਮੂਹਿਕ ਯਤਨਾਂ ਨਾਲ ਮਿੱਥੇ ਗਏ ਟੀਚੇ ਨੂੰ ਪੂਰਾ ਕਰਨ ਦੇ ਯਤਨ ਸਦਕਾ ਹੁਣ ਤੱਕ ਕੁੱਲ 16370 ਪੌਦੇ ਲਗਾ ਕੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ। ਇਹ ਪੌਦੇ ਨਾ ਸਿਰਫ਼ ਵਾਤਾਵਰਣ ਦੀ ਸੰਭਾਲ ਪ੍ਰਤੀ ਵਚਨਬੱਧਤਾ ਦਰਸਾਉਂਦੇ ਹਨ, ਬਲਕਿ ਹਰ ਬੱਚੇ ਵੱਲੋਂ ਆਪਣੀ ਮਾਂ ਨੂੰ ਰੁੱਖਾਂ ਨਾਲ ਜੋੜ ਕੇ ਵਾਤਾਵਰਨ ਨਾਲ ਭਾਵਨਾਤਮਕ ਸਾਂਝ ਬਣਾਈ ।

ਇਸ ਮਹੱਤਵਪੂਰਨ ਪ੍ਰਾਪਤੀ 'ਤੇ ਖੁਸ਼ੀ ਜ਼ਾਹਰ ਕਰਦਿਆਂ ਉਹਨਾਂ ਨੇ ਸਮੂਹ ਸੈਂਟਰ ਹੈੱਡ ਟੀਚਰਜ਼ , ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਹੋਰ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਸਾਡਾ ਅਧਿਆਪਕ ਵਰਗ ਅਤੇ ਵਿਦਿਆਰਥੀ ਆਪਣੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਪੂਰੀ ਗੰਭੀਰਤਾ ਅਤੇ ਲਗਨ ਨਾਲ ਨਿਭਾਉਣ ਲਈ ਵਚਨਬੱਧ ਹਨ।

ਮਨਿੰਦਰ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਮੁਹਿੰਮ ਸਿਰਫ਼ ਪੌਦੇ ਲਗਾਉਣ ਤੱਕ ਸੀਮਤ ਨਹੀਂ ਹੈ । ਉਨ੍ਹਾਂ ਦੱਸਿਆ ਕਿ ਟੀਚਾ ਸਮੇਂ ਸਿਰ ਪੂਰਾ ਕਰਨ ਦੇ ਨਾਲ-ਨਾਲ, ਇਸ ਮੁਹਿੰਮ ਦੇ ਮਾਵਾਂ ਨੂੰ ਸਮਰਪਿਤ ਭਾਵਨਾਤਮਕ ਉਦੇਸ਼ ਨੂੰ ਵੀ ਸਫ਼ਲਤਾਪੂਰਵਕ ਪੂਰਾ ਜਾਵੇਗਾ , ਜਿਸ ਨਾਲ ਬੱਚਿਆਂ ਵਿੱਚ ਕੁਦਰਤ ਅਤੇ ਰਿਸ਼ਤਿਆਂ ਪ੍ਰਤੀ ਹੋਰ ਸੰਵੇਦਨਸ਼ੀਲਤਾ ਪੈਦਾ ਹੋਵੇਗੀ ।

'ਏਕ ਪੇੜ ਮਾਂ ਕੇ ਨਾਮਮ' ਮੁਹਿੰਮ ਦੇ ਜ਼ਿਲ੍ਹਾ ਨੋਡਲ ਅਫ਼ਸਰ ਜਤਿੰਦਰ ਕੁਮਾਰ ਸ਼ਰਮਾ ਨੇ ਇਸ ਕਾਰਜ ਦੀ ਸਫ਼ਲਤਾ ਵਿੱਚ ਇੱਕ ਹੋਰ ਵੱਡੇ ਕਦਮ ਬਾਰੇ ਦੱਸਿਆ।











ਉਨ੍ਹਾਂ ਜਾਣਕਾਰੀ ਦਿੱਤੀ ਕਿ ਬਠਿੰਡਾ ਜ਼ਿਲ੍ਹੇ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਬਕਾਇਦਾ 'ਈਕੋ ਕਲੱਬ' ਦਾ ਨਿਰਮਾਣ ਕੀਤਾ ਗਿਆ ਹੈ।

ਉਨ੍ਹਾਂ ਕੁਹਾ ਕਿ 'ਈਕੋ ਕਲੱਬਾਂ' ਦੀ ਸਥਾਪਨਾ ਨਾਲ ਵਿਦਿਆਰਥੀਆਂ ਨੂੰ ਬਚਪਨ ਤੋਂ ਹੀ ਕੁਦਰਤ ਨਾਲ ਜੁੜਨ, ਇਸ ਦੀ ਸੰਭਾਲ ਕਰਨ ਅਤੇ ਵਾਤਾਵਰਨ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਸਿੱਖਿਆ ਮਿਲੇਗੀ। ਇਸ ਕਦਮ ਨਾਲ ਬਠਿੰਡਾ ਜ਼ਿਲ੍ਹੇ ਵਿੱਚ ਵਾਤਾਵਰਨ ਜਾਗਰੂਕਤਾ ਨੂੰ ਹੇਠਲੇ ਪੱਧਰ ਤੱਕ ਮਜ਼ਬੂਤੀ ਮਿਲੇਗੀ ਅਤੇ ਇਹ ਸਕੂਲ ਭਵਿੱਖ ਵਿੱਚ ਹਰਾ-ਭਰਾ ਸਮਾਜ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਨਿਰਭੈ ਸਿੰਘ ਸਮਾਰਟ ਸਕੂਲ ਕੋਆਰਡੀਨੇਟਰ ਅਤੇ ਗੁਰਪ੍ਰੀਤ ਸਿੰਘ ਬਰਾੜ ਜ਼ਿਲ੍ਹਾ ਖੇਡ ਇੰਚਾਰਜ ਨੇ ਕਿਹਾ ਕਿ ਇਹ ਈਕੋ ਕਲੱਬ ਹੁਣ ਲਗਾਏ ਗਏ 16370 ਪੌਦਿਆਂ ਦੀ ਨਿਯਮਤ ਦੇਖਭਾਲ ਨੂੰ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾ, ਇਹ ਈਕੋ ਕਲੱਬ ਭਵਿੱਖ ਵਿੱਚ ਵੀ ਵਾਤਾਵਰਨ ਸਬੰਧੀ ਗਤੀਵਿਧੀਆਂ ਜਿਵੇਂ ਕਿ ਸਫ਼ਾਈ ਮੁਹਿੰਮਾਂ, ਜਾਗਰੂਕਤਾ ਪ੍ਰੋਗਰਾਮਾਂ, ਅਤੇ ਪੌਦਿਆਂ ਦੀ ਸੰਭਾਲ ਨੂੰ ਨਿਰੰਤਰ ਜਾਰੀ ਰੱਖਣਗੇ।

# ਸਮ੍ਰਿਧੀ ਕਲਾ ਉਤਸਵ -2025 ਅਧੀਨ ਅਧਿਆਪਕਾਂ ਦੇ ਬਲਾਕ ਪੱਧਰੀ ਮੁਕਾਬਲੇ ਕਰਵਾਏ ਗਏ

**ਫ਼ਰੀਦਕੋਟ (ਸਮਾਜ ਵੀਕਲੀ)** - ਸਮੱਗਰਾ ਸਿੱਖਿਆ ਅਭਿਆਨ ਤਹਿਤ ਸਮ੍ਰਿਧੀ ਪ੍ਰੋਗਰਾਮ -2025 ਅਧੀਨ ਲੈਸਨ ਪਲਾਨ /ਪ੍ਰੋਜੈਕਟ ਪ੍ਰਪੋਜ਼ਲ ਬਲਾਕ ਪੱਧਰ ਤੇ 9ਵੀਂ ਤੋਂ 12ਵੀਂ ਜਮਾਤ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਬਲਾਕ ਪੱਧਰ ਤੇ ਪ੍ਰਤੀਯੋਗਤਾ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀਮਤੀ ਨੀਲਮ ਰਾਣੀ ਦੀ ਯੋਗ ਅਗਵਾਈ ਅਤੇ ਬਲਾਕ ਫ਼ਰੀਦਕੋਟ-1 ਵਿਖੇ ਪ੍ਰਿੰਸੀਪਲ ਅਮਰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਪ ਸਿੰਘ ਵਾਲਾ, ਬਲਾਕ ਫ਼ਰੀਦਕੋਟ-2 ਵਿਖੇ ਪ੍ਰਿੰਸੀਪਲ ਦੀਪਕ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪੰਜਗਰਾਈ ਕਲਾਂ,ਬਲਾਕ ਫ਼ਰੀਦਕੋਟ-3 ਵਿਖੇ ਪ੍ਰਿੰਸੀਪਲ ਰਾਜਵਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਚਾਕੀ ਮੱਲ ਸਿੰਘ,ਬਲਾਕ ਕੋਟਕਪੂਰਾ ਵਿਖੇ ਪ੍ਰਿੰਸੀਪਲ ਕੁਲਵਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਰਾ ਅਤੇ ਬਲਾਕ ਜੈਤੋ ਵਿਖੇ ਪ੍ਰਿੰਸੀਪਲ ਪੰਨਾ ਲਾਲ ਸਕੂਲ ਆਫ਼ ਐਮੀਨੈਂਸ ਕੋਟਕਪੂਰਾ ਦੀ ਦੇਖ-ਰੇਖ ਹੇਠ ਪ੍ਰਤੀਯੋਗਤਾਵਾਂ ਬਹੁਤ ਹੀ ਸ਼ਾਨਦਾਰ ਢੰਗ ਨਾਲ ਕਰਵਾਈਆਂ ਗਈਆਂ।

ਇਨ੍ਹਾਂ ਬਲਾਕ ਪੱਧਰੀ ਪ੍ਰਤੀਯੋਗਤਾਵਾਂ ਦੇ ਨਤੀਜੇ ਇਸ ਪ੍ਰਕਾਰ ਰਹੇ: ਬਲਾਕ ਫ਼ਰੀਦਕੋਟ-1 ਗਿਤੇਸ਼ ਨਾਰੰਗ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੰਡ ਸਾਹਿਬ ਨੇ ਪਹਿਲਾ ਸਥਾਨ ਹਾਸਲ ਕੀਤਾ। ਮੁਕਾਬਲੇ ਦੀ ਜੱਜਮੈਂਟ ਗੁਰਮੀਤ ਸਿੰਘ ਲੈਕਚਰਾਰ ਬਾਇਓ ਅਤੇ ਅਮਰਜੀਤ ਸਿੰਘ ਸਾਇੰਸ ਮਾਸਟਰ ਨੇ ਕੀਤੀ। ਬਲਾਕ ਫ਼ਰੀਦਕੋਟ-2 'ਚ ਨੀਸ਼ੂ ਭੱਲਾ ਸਾਇੰਸ ਮਿਸਟ੍ਰੈਸ ਸਰਕਾਰੀ ਹਾਈ ਸਕੂਲ ਬੀੜ



ਸਿੱਖਾਂਵਾਲਾ ਨੇ ਪਹਿਲਾ, ਵਿਜੈ ਦੇਵਗਣ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਾਂਦਰ ਜਟਾਣਾ ਨੇ ਦੂਜਾ, ਸ਼ਰਨਜੀਤ ਕੌਰ ਐਸ.ਐਸ.ਮਿਸਟ੍ਰੈਸ ਸਰਕਾਰੀ ਹਾਈ ਸਕੂਲ ਢੀਮਾਂਵਾਲੀ ਅਤੇ ਜਗਦੀਪ ਕੁਮਾਰ ਮੈਥ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਚਾਕੀ ਮੱਲ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਬਲਾਕ ਫ਼ਰੀਦਕੋਟ-3 'ਚੋਂ ਹਰਵਿੰਦਰ ਕੌਰ ਮੈਥ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੀ ਕਲਾਂ ਨੇ ਪਹਿਲਾ, ਸ਼੍ਰੀਮਤੀ ਜੋਤੀ ਸਾਇੰਸ ਮਿਸਟ੍ਰੈਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਲੇਵਾਲਾ ਨੇ ਦੂਜਾ ਸਥਾਨ ਹਾਸਲ ਕੀਤਾ। ਬਲਾਕ ਫ਼ਰੀਦਕੋਟ-2 ਅਤੇ 3 ਦੀ ਜੱਜਮੈਂਟ ਪ੍ਰਕਾਸ਼ ਕੁਮਾਰ ਲੈਕਚਰਾਰ ਕਮਰਸ, ਅਰੁਣ ਕੁਮਾਰ ਲੈਕਚਰਾਰ ਅੰਗਰੇਜ਼ੀ ਨੇ ਕੀਤੀ। ਬਲਾਕ ਕੋਟਕਪੂਰਾ 'ਚੋਂ ਨੀਨਾ ਰਾਣੀ ਮੈਥ ਮਿਸਟ੍ਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਕੋਟਕਪੂਰਾ ਨੇ ਪਹਿਲਾ, ਪ੍ਰਮੋਦ ਕੁਮਾਰ ਕੰਪਿਊਟਰ ਫ਼ੈਕਲਿਟੀ ਸਰਕਾਰੀ ਹਾਈ ਸਕੂਲ ਢੈਪਈ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੁਕਾ-ਬਲੇ ਦੀ ਜੱਜਮੈਂਟ ਸ਼੍ਰੀ ਚਿੱਤਰਾ ਕੁਮਾਰੀ ਹੈਡ ਮਿਸਟ੍ਰੈਸ,ਹਰਸ਼ਵਿੰਦਰ ਕੌਰ ਲੈਕਚਰਾਰ ਪੰਜਾਬੀ ਰੋਮਾਣਾ ਅਲਬੇਲ ਸਿੰਘ ਨੇ ਕੀਤੀ। ਬਲਾਕ ਜੈਤੋ ਦੇ ਮੁਕਾਬਲੇ 'ਚ ਮੀਨੂੰ ਬਾਲਾ ਐਸ.ਐਸ.ਮਿਸਟ੍ਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜੈਤੋ ਨੇ ਪਹਿਲਾ, ਕੰਵਲਜੀਤ ਕੌਰ ਐਸ.ਐਸ.ਮਿਸਟ੍ਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜੈਤੋ ਨੇ ਦੂਜਾ ਅਤੇ ਗੌਰਵ ਧਵਨ ਮੈਥ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਗਾੜੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਦੀ ਜੱਜਮੈਂਟ ਸ਼੍ਰੀ ਕਪਿਲ ਕੁਮਾਰ ਮੁੱਖ ਅਧਿਆਪਕ ਅਤੇ ਸ਼੍ਰੀ ਤਰਸੇਮ ਮੌਂਗਾ ਮੁੱਖ ਅਧਿਆਪਕ ਨੇ ਕੀਤੀ। ਇਸ ਸਬੰਧੀ ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀਮਤੀ ਨੀਲਮ ਰਾਣੀ ਨੇ ਦੱਸਿਆ ਕਿ ਬਲਾਕ ਪੱਧਰ ਤੇ ਪਹਿਲਾ ਸਥਾਨ ਵਾਲੇ ਮੁਕਾਬਲੇ ਦੂਜੇ ਪੜਾਅ 'ਚ ਜ਼ਿਲਾ ਪੱਧਰ ਅਤੇ ਤੀਜੇ ਪੜਾਅ 'ਚ ਰਾਜ ਪੱਧਰੀ ਮੁਕਾਬਲੇ 'ਚ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਇਸ ਪ੍ਰਤੀਯੋਗਤਾ 'ਚ ਅਧਿਆਪਕਾਂ ਨੇ ਕਲਾ ਅਤੇ ਅਧਿਆਪਕ ਦੇ ਸੁਮੇਲ ਰਾਹੀਂ ਸਿੱਖਿਆ ਪ੍ਰਦਾਨ ਕਰਨ ਸਬੰਧੀ ਆਪੋ-ਆਪਣੇ ਬਹੁਤ ਸਾਰੇ ਨਵੇਂ ਤਜਰਬੇ ਆਪੋ-ਆਪਣੇ ਬਲਾਕਾਂ 'ਚ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਜੇਤੂ ਅਧਿਆਪਕਾਂ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਜਾਵੇਗਾ।

# ਪੰਜਾਬੀ ਦੇ ਮਾਣਮੱਤੇ ਲੇਖਕ ਪ੍ਰੀਤਜੱਗੀ ਦੀ ਕਾਵਿ-ਪੁਸਤਕ 'ਪਰਤ ਆਇਐ ਗੌਤਮ' ਲੋਕ-ਅਰਪਣ

**ਫ਼ਰੀਦਕੋਟ (ਸਮਾਜ ਵੀਕਲੀ)**-ਪੰਜਾਬੀ ਦੇ ਨਾਮਵਰ ਕਵੀ ਪ੍ਰੀਤਜੱਗੀ ਦੀ ਪਲੇਠੀ ਕਾਵਿ-ਪੁਸਤਕ 'ਪਰਤ ਆਇਐ ਗੌਤਮ' ਜ਼ਿਲ੍ਹਾ ਭਾਸ਼ਾ ਦਫ਼ਤਰ ਫਰੀਦਕੋਟ ਵਿਖੇ ਮਨਜੀਤ ਪੁਰੀ, ਜ਼ਿਲ੍ਹਾ ਭਾਸ਼ਾ ਅਫ਼ਸਰ ਫ਼ਰੀਦਕੋਟ, ਉੱਘੇ ਚਿੰਤਕ ਅਤੇ ਆਲੋਚਕ ਡਾ. ਦੇਵਿੰਦਰ ਸੈਫ਼ੀ, ਸਾਹਿਤਕਾਰ ਅਤੇ ਕੋਸਕਾਰ ਜਗਤਾਰ ਸਿੰਘ ਸੋਖੀ, ਖੋਜ ਅਫ਼ਸਰ ਤੇ ਲੇਖਕ ਕੰਵਰਜੀਤ ਸਿੰਘ ਸਿੱਧੂ ਵੱਲੋਂ ਸਾਇਰ ਪ੍ਰੀਤਜੱਗੀ ਦੀ ਹਾਜਰੀ ਵਿੱਚ ਲੋਕ-ਅਰਪਣ ਕੀਤੀ ਗਈ। ਇਸ ਮੌਕੇ 'ਤੇ ਬੋਲਦਿਆਂ ਮਨਜੀਤ ਪੁਰੀ, ਜ਼ਿਲ੍ਹਾ ਭਾਸਾ ਅਫ਼ਸਰ ਨੇ ਕਿਹਾ ਕਿ ਪ੍ਰੀਤਜੱਗੀ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਕਵਿਤਾ ਦੇ ਅਮਲ ਵਿੱਚ ਹਨ। ਉਸਨੇ ਬੜੇ ਤਹੰਮਲ ਨਾਲ ਆਪਣੇ



ਅਨੁਭਵ ਨੂੰ ਕਵਿਤਾ ਵਿੱਚ ਉਤਾਰਿਆ ਅਤੇ ਲੰਬੇ ਅੰਤਰਾਲ ਬਾਅਦ ਪੁਸਤਕ ਰੂਪ ਵਿੱਚ ਛਪਵਾਇਆ। ਡਾ. ਦੇਵਿੰਦਰ ਸੈਫੀ ਹੋਰਾਂ ਨੇ ਦੱਸਿਆ ਕਿ ਪ੍ਰੀਤਜੱਗੀ ਦੀ ਕਵਿਤਾ ਪਿੰਡੇ ਹੰਢਾਏ ਅਨਭਵ ਦੀ ਸੁੱਚੀ ਕਵਿਤਾ ਹੈ। ਅਜਿਹੀ ਸੁੱਚੀ ਕਵਿਤਾ ਦਾ ਪੰਜਾਬੀ ਕਵਿਤਾ ਦੇ ਵਿਹੜੇ ਸੁਆਗਤ ਹੈ। ਕੰਵਰਜੀਤ ਸਿੰਘ ਸਿੱਧੂ ਹੋਰਾਂ ਨੇ ਪ੍ਰੀਤਜੱਗੀ ਦੀ ਕਵਿਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਪ੍ਰੀਤਜੱਗੀ ਪਿੰਡਾਂ ਦੇ ਕੱਚੇ ਰਾਹਾਂ ਦੇ ਅਨੁਭਵ ਦਾ ਕਵੀ ਹੈ। ਅਜਿਹੀ ਕਵਿਤਾ ਦਾ ਸਵਾਗਤ ਕਰਨਾ ਸਾਡਾ ਫਰਜ ਬਣਦਾ ਹੈ। ਜਗਤਾਰ ਸਿੰਘ ਸੋਖੀ ਹੁਰਾਂ ਨੇ ਗੱਲ ਕਰਦਿਆਂ ਕਿਹਾ ਕਿ ਪ੍ਰੀਤਜੱਗੀ ਪੰਜਾਬੀ ਦੇ ਸਮਰੱਥ ਕਵੀਆਂ ਵਿੱਚੋਂ ਇੱਕ ਹੈ। ਉਸਦੀ ਇਹ ਪੁਸਤਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਨਿੱਗਰ ਵਾਧਾ ਹੈ। ਇਸ ਸਮਾਗਮ ਵਿੱਚ ਖੁਦ ਸਾਇਰ ਪ੍ਰੀਤਜੱਗੀ ਤੋਂ ਇਲਾਵਾ ਰਣਜੀਤ ਸਿੰਘ ਸੀਨੀਅਰ ਸਹਾਇਕ, ਜਸਮੇਲ ਸਿੰਘ ਕਲਰਕ, ਰਣਜੋਤ ਸਿੰਘ ਸੇਵਾਦਾ, ਸੰਦੀਪ ਕੌਰ ਸੇਵਾਦਾਰ ਆਦਿ ਹਾਜਰ ਸਨ ।

# ਇਹੋ ਹਮਾਰਾ ਜੀਵਣਾ



ਉਹਨਾਂ ਵੇਲਿਆਂ ਦੀ ਗੱਲ ਹੈ ਜਦੋਂ ਕੋਈਂ ਬਿਨਾਂ ਕਿਸੇ ਲਾਲਚ ਦੇ ਸਾਥ ਦਿੰਦਾ ਸੀ। ਕੋਈਂ ਕਿਸੇ ਨਾਲ ਦੋਸਤ ਦੀ ਭੈਣ ਦੇ ਸੋਹਰੇ ਚਲੇ ਜਾਂਦਾ। ਦੋ ਤਿੰਨ ਦੋਸਤ ਭੂਆ ਕੋਲੇ ਕੁਝ ਦਿਨ ਲਾ ਆਉਂਦੇ। ਕੋਈਂ ਖੇਤ ਰੋਟੀ ਫੜਾਉਣ ਜਾਂਦਾ ਪੈਦਲ ਤਾਂ ਨਾਲਦਾ ਵੀ ਨਾਲ ਹੀ ਤੁਰ ਪੈਂਦਾ। ਪਤਾ ਨਹੀਂ ਲੋਕ ਵਹਿਲੇ ਸਨ ਯ ਦਿਲ ਵਿੱਚ ਮੈਲ ਨਹੀਂ ਸੀ। ਇਹ ਆਮ ਵਰਤਾਰਾ ਸੀ। ਬਿਮਾਰੀਆਂ ਘੱਟ ਸਨ ਤੇ ਇਲਾਜ ਵੀ ਦੇਸੀ ਸਨ। ਗਲੀਆਂ ਵਿੱਚ "ਕੰਨਾਂ ਚੋਂ ਮੈਲ ਕਢਵਾਲੋ ਜੋਕਾਂ ਲਗਵਾਲੋ" ਲੋਕ ਗੋਡੇ ਗਿੱਟਿਆਂ ਦਾ ਗੰਦਾ ਖੂਨ ਕਢਵਾਉਣ ਲਈ ਜੋਕਾਂ ਲਗਵਾਉਂਦੇ। ਉਹ ਬੰਦੇ ਦਾ ਗੰਦਾ ਖੂਨ ਚੂਸਦੀਆਂ। ਫਿਰ ਉਹੀ ਬੰਦਾ ਕੰਨਾਂ ਦੀ ਮੈਲ ਵੀ ਕੱਢ ਦਿੰਦਾ।



ਇੱਕ ਸਰੋਂ ਵਰਗੀ ਜਿਨਸ ਹੁੰਦੀ ਸੀ ਜਿਸ ਨੂੰ ਸ਼ਾਇਦ ਹਲੋਂ ਆਖਦੇ ਸੀ। ਸਰੀਰ ਦਾ ਦਰਦ ਚੂਸਣ ਲਈ ਉਸਦਾ ਲੇਪ ਕਰਦੇ। ਬੜੀ ਕਾਰਗਰ ਹੁੰਦੀ ਸੀ। ਕਿਸੇ ਫੋੜੇ, ਫੁੰਸੀ, ਗੜ੍ਹ ਨੂੰ ਪਕਾਉਣ ਲਈ ਸਾਬੁਣ ਲੱਸਣ ਯ ਰਾਏ ਚਿੱਬੜ ਦਾ ਖੋਲ੍ਹ ਚੜਾਉਂਦੇ। ਇਹੀ ਇਲਾਜ ਸੀ। ਅੱਖ ਦੇ ਨਿਕਲੀ ਫੁੰਸੀ ਦੇ ਸੰਦੂਰ ਵੀ ਲਾ ਲੈਂਦੇ। ਖੈਰ ਉਹਨਾਂ ਦਿਨਾਂ ਵਿੱਚ ਪਿੱਤ ਵੀ ਬਹੁਤ ਨਿਕਲਦੀ ਸੀ। ਕੋਈਂ ਟੇਲਕਮ ਪਾਊਡਰ ਨਹੀਂ ਸੀ ਹੁੰਦਾ ਗਾਚਣੀ ਦਾ ਲੇਪ ਕਰਦੇ। ਆਰਾਮ ਆ ਜਾਂਦਾ। ਔਰਤਾਂ ਚੀਕਣੀ ਮਿੱਟੀ ਅਤੇ ਰੋੜ ਆਮ ਹੀ ਖਾਂਦੀਆਂ। ਹਜ਼ਮ ਹੋ ਜਾਂਦੇ ਸਨ। ਧਰਨ ਹਸਲੀ ਢੁਡਰੀ ਦਾ ਇਲਾਜ ਸਿਆਣੀਆਂ ਔਰਤਾਂ ਕਰ ਦਿੰਦੀਆਂ ਸਨ। ਮੇਰੇ ਸਾਰੇ ਸਰੀਰ ਤੇ ਧੱਫੜ ਹੋ ਜਾਂਦੇ ਸਨ। ਕਿਸੇ ਨੇ ਦੱਸਿਆ ਕਿ ਜੁਲਾਹਿਆਂ ਦੇ ਬੁਰਸ਼ ਜਿਸਨੂੰ ਬੁਰਸ਼ ਯ ਕੁੱਚ ਆਖਦੇ ਸਨ ਫੇਰਨ ਨਾਲ ਅਰਾਮ ਆ ਜਾਵੇਗਾ। ਤੇ ਇਹੀ ਹੋਇਆ। ਮੁੜਕੇ ਮੇਰੇ ਧਫੜ ਯਾਨੀ ਸਿਰਖੋਈ ਨਹੀਂ ਹੋਈ।

ਉਹ ਜ਼ਮਾਨਾ ਵਧੀਆ ਸੀ ਕੋਈਂ ਸਾਬੁਣ ਨਹੀਂ ਸੀ ਲਾਉਂਦਾ ਬਹੁਤੇ ਬਿਨਾਂ ਸਾਬੁਣ ਤੋਂ ਹੀ ਨਹਾਉਂਦੇ ਸ਼ਨ। ਕਿੱਕਰ ਟਾਹਲੀ ਨਿੰਮ ਆਦਿ ਦੀ ਦਾਤੂਨ ਨਿਆਮਤ ਸੀ ਅਤੇ ਔਰਤਾਂ ਲਈ ਦੰਦਾਸਾ। ਓਦੋਂ ਤਾਂ ਟਮਾਟਰ ਸਬਜ਼ੀ ਨਹੀਂ ਫਲ ਹੁੰਦਾ ਸੀ। ਤੇ ਫਲ ਬ੍ਰੈਡ ਸਿਰਫ ਬਿਮਾਰਾਂ ਲਈ ਹੁੰਦੇ ਸਨ। ਮਲ੍ਹਿਆਂ ਦੇ ਬੇਰ ਪੀਲਾਂ ਜਵਾਰ ਦੇ ਗੰਨੇ ਛੋਲ੍ਹੂਆ ਪੇਂਦੂ ਬੇਰ ਹੀ ਫਲ ਹੁੰਦੇ ਸਨ। ਇਹੋ ਹਮਾਰਾ ਜੀਵਣਾ ਸੀ।

**ਰਮੇਸ ਸੇਠੀ ਬਾਦਲ**
**ਸਾਬਕਾ ਸੁਪਰਡੈਂਟ**

# ਕਹਾਣੀ / ਵਿੰਨ੍ਹਿਆ ਹੋਇਆ ਪਿੰਡ

ਲੱਗਭਗ ਛੇ ਸੱਤ ਦਹਾਕੇ ਪਹਿਲਾਂ ਵਿਦੇਸ਼ ਜਾ ਕੇ ਸੈਟਿਲ ਹੋਏ ਪ੍ਰਤਾਪ ਸਿਓਂ ਨੇ ਅੱਜ ਅਚਾਨਕ ਅਪਣੇ ਸਕੂਲ ਵੇਲੇ ਦੇ ਦੋਸਤ ਬਲਵੰਤ ਸਿੰਘ ਨੂੰ ਫੋਨ ਲਾਇਆ ਤੇ ਉਸ ਦੇ ਹੈਲੋ ਕਹਿਣ ਤੇ

ਸਿੱਧਾ ਹੀ ਬੋਲਿਆ"ਯਾਰ ਬਲਵੰਤ ਸਿਆਂ ਮੈਂ ਅਪਣੀ ਪੋਤਰੀ ਦਾ ਵਿਆਹ ਤੇਰੇ ਪਿੰਡ ਵਰਗੇ ਕਿਸੇ ਸੋਹਣੇ ਪਿੰਡ ਵਿੱਚ ਕਰਨਾ ਚਹੁੰਦਾ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ ਪੰਜਾਬ ਦੇ ਪਿੰਡਾਂ ਦੀ ਜ਼ਿੰਦਗੀ ਕੁਦਰਤ ਨਾਲ਼ ਜੁੜੀ ਹੋਈ ਬੜੀ ਖੁਸ਼ਹਾਲ ਤੇ ਜਿੰਦਾਦਿਲੀ ਵਾਲ਼ੀ ਹੁੰਦੀ ਹੈ, ਤੇ ਹੁਣ ਮੈਂ ਅਪਣੇ ਪੋਤੇ ਪੋਤੀਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜ ਕੇ ਅਪਣੇ ਸਿਰ ਚੜ੍ਹਿਆ ਪੰਜਾਬੀ ਸਭਿਆਚਾਰ ਦਾ ਕਰਜ਼ਾ ਲਾਹੁਣਾ ਚਾਹੁੰਦਾ ਹਾਂ।

ਅਗੋਂ ਬਲਵੰਤ ਸਿਉਂ ਨੇ ਬੜੀ ਗੰਭੀਰਤਾ ਤੇ ਭਰੇ ਮਨ ਨਾਲ ਉਸ ਦੀਆਂ ਗੱਲਾਂ ਦਾ ਜਵਾਬ ਦਿੱਤਾ!

ਪ੍ਰਤਾਪ ਸਿਆਂ ਸੁਣ!

ਵੈਸੇ ਤਾਂ ਸਾਰੇ ਪਿੰਡਾਂ ਦਾ ਹੀ ਸੱਤ ਅੱਠ ਦਹਾਕੇ ਪਹਿਲਾਂ ਵਾਲਾ ਸਾਰਾ ਕੁੱਝ ਬਦਲ ਗਿਐ ਪਰ!ਮੈਂ ਆਪਣੇ ਪਿੰਡ ਬਾਰੇ ਹੀ ਗੱਲ ਕਰਦਾ ਹਾਂ!

ਮੇਰਾ ਪਿੰਡ ਹੁਣ ਉਹ ਨਹੀਂ ਰਿਹਾ, ਜੋ ਪਹਿਲਾਂ ਹੁੰਦਾ ਸੀ!

ਕਿਉਂਕਿ ਹੁਣ ਇਥੇ ਬਹੁਤ ਕੁੱਝ ਬਦਲ ਗਿਐ!

ਹੁਣ ਇਥੇ! ਮੂੰਹ ਹਨ੍ਹੇਰੇ ਕੁੱਕੜ ਬਾਂਗ ਨਹੀਂ ਦਿੰਦਾ ਤੇ ਪਹੁ ਫੁਟਾਲੇ ਸ਼ਤੀਰਾਂ,ਕੜੀਆਂ ਤੇ ਵਿਹੜੇ ਵਿਚਲੀ ਨਿੰਮ ਦੀ ਅਣਹੋਂਦ ਕਾਰਨ ਉਨ੍ਹਾਂ ਤੇ ਪਾਏ ਆਲ੍ਹਣਿਆਂ ਚੋਂ ਚਿੜੀਆਂ ਚੀਂ ਚੀਂ ਵੀ ਨਹੀਂ ਕਰਦੀਆਂ "

ਹੁਣ ਡੈਰੀਆਂ ਨੇ ਚਾਟੀਆਂ ਵਿੱਚ ਮਧਾਣੀਆਂ ਪੈਂਣੀਆਂ ਬੰਦ ਕਰ ਦਿੱਤੀਆਂ ਨੇ,

ਅਤੇ ਨਾ ਹੀ ਰਾਹੀ ਪਾਂਧੀ ਮੋਢੇ ਤੇ ਸਾਫ਼ਾ ਰੱਖ ਕੇ ਸਫ਼ਰ ਨਾਪਦੇ ਹਨ

ਨਾ ਹੀ ਬਲਦਾਂ ਦੇ ਗਲ਼ ਟੱਲੀਆਂ ਟੁਣਕਦੀਆਂ ਹਨ ਤੇ ਨਾ ਹੀ ਹਾਲ਼ੀ ਪਾਲ਼ੀ

ਹਲ਼ ਵਾਹੁੰਦੇ ਜੱਗੇ ਢੋਲੇ,ਮਾਹੀਏ ਗਾਉਂਦੇ ਹਨ।

ਨਾ ਹੀ ਕੋਈ ਮੁਟਿਆਰ ਭੱਤਾ ਲੈ ਕੇ ਰੋਹੀ ਵਾਲੇ ਖੇਤ ਜਾਂਦੀ ਐ ਜਿੱਥੇ ਟਾਹਲੀਆਂ,ਤੂਤਾਂ ਦੇ ਹੇਠਾਂ ਬੈਠ ਕੇ ਮਿੱਸੀਆਂ ਰੋਟੀਆਂ ਗੰਢੇ ਤੇ ਅੰਬ ਦੇ ਆਚਾਰ, ਨਾਲ਼ ਲੱਸੀ ਦਾ ਕੁੱਜਾ ਵੇਖ ਕੇ ਥੱਕੇ ਟੁੱਟੇ ਜ਼ਿਮੀਂਦਾਰ ਦੀ ਰੂਹ ਖਿੜ ਜਾਂਦੀ ਸੀ ਤੇ ਥਕੇਵਾਂ ਉੱਡ ਪੁੱਡ ਜਾਂਦਾ ਸੀ ਤੇ ਉਹ ਕਦੇ ਭੱਤਾ ਲੈ ਕੇ ਆਈ ਸੁਆਣੀ ਦੀਆਂ ਅੱਖਾਂ ਵੱਲ ਦੇਖਦਾ ਤੇ ਕਦੇ ਨਿਸਾਰੇ ਤੇ ਆਈ ਫਸਲ ਵੱਲ ਦੇਖਦਾ ਤਾਂ ਸਾਰੇ ਦੁੱਖ ਟੁੱਟ ਜਾਂਦੇ ਤੇ ਉਹ ਮਨ ਵਿੱਚ ਸੋਚਦਾ ਕਿ" ਭਾਗਵਣੇ ਇਸ ਵਾਰ ਫ਼ਸਲ ਵੇਚ ਕੇ ਤੇਰੇ ਕੰਨਾਂ ਨੂੰ ਡੰਡੀਆਂ,ਨੱਕ ਨੂੰ ਕੋਕਾ ਤੇ ਤੀਆਂ ਤੇ ਪਾਉਣ ਲਈ ਸ਼ਾਮੋ ਸਾਟਣ ਦਾ ਸੂਟ ਪੱਕਾ।

ਪਰ ਅਫਸੋਸ! ਪੀਂਘਾਂ ਪਾਉਣ ਵਾਲੇ ਰੁੱਖਾਂ ਦੀ ਥਾਂ ਟਾਵਰ ਉੱਗ ਆਏ ਨੇ,

ਇਸ ਲਈ! ਹੁਣ ਮੇਰਾ ਪਿੰਡ ਓਹ ਨਹੀਂ ਰਿਹਾ

ਸਭ ਕੁੱਝ ਬਦਲ ਗਿਐ ਕਿਓਂਕਿ ਆਧੁਨਿਕਤਾ ਦੀ ਹੋੜ ਵਿੱਚ ਦਿਖਾਵੇ ਦੀ ਚਕਾਚੌਂਧ ਤੇ ਬਜ਼ਾਰਾਂ ਦੀ ਚਮਕ ਦਮਕ ਨੇ ਲੱਗਭਗ ਸਾਰੇ ਪਿੰਡ ਦਾ ਵਾਲ ਵਾਲ ਵਿੰਨ੍ਹ ਛੱਡਿਐ।




**ਅਮਰਜੀਤ ਸਿੰਘ ਫ਼ੌਜੀ**
**ਪਿੰਡ ਦੀਨਾ ਸਾਹਿਬ**
**ਜ਼ਿਲ੍ਹਾ ਮੋਗਾ ਪੰਜਾਬ**
**94174-04804**

# ਬਜ਼ੁਰਗਾਂ ਦੀ ਹੋਣੀ

ਬਜ਼ੁਰਗ ਸਿਰਫ ਸਤਿਕਾਰ ਚਾਹੁੰਦੇ ਹਨ, ਉਹਨਾਂ ਦੀ ਕੋਈ ਮੰਗ ਨਹੀਂ ਹੁੰਦੀ,ਸੱਚਾ ਧਨ ਹੁੰਦੇ ਹਨ। ਅੱਜ ਦੀ ਤਾਜ਼ਾ ਖਬਰ ਵਿੱਚ, ਇੱਕ ਨੂੰਹ ਨੇ ਆਪਣੀ ਸੱਸ ਕੁੱਟ ਦਿੱਤੀ। ਪੁੱਤ ਚੁੱਪ ਚਾਪ ਬੈਠਾ ਦੇਖਦਾ ਰਿਹਾ। ਸ਼ਾਮ ਤੱਕ ਮਾਮਲਾ ਥਾਣੇ ਪੁੱਜਾ ਤਾਂ ਰਾਜੀਨਾਮੇ ਤੇ ਖਤਮ ਹੋ ਗਿਆ। ਇਸ ਦੇ ਵਿੱਚ ਵੀ ਬਜ਼ੁਰਗ ਮਾਤਾ ਨੇ ਪਰਿਵਾਰ ਦੀ ਭਲਾਈ ਵਾਸਤੇ, ਰਾਜੀਨਾਮਾ ਲਿਖ ਕੇ ਦੇ ਦਿੱਤਾ। ਇਹ ਹੈ, ਸਾਡੇ ਦੇਸ਼ ਵਿੱਚ ਬਜ਼ੁਰਗਾਂ ਦੀ ਹੋਣੀ। ਇਹੋ ਜਿਹੀਆਂ ਉਦਾਹਰਣਾਂ ਨਾਲ ਭਾਰਤ ਦੇਸ਼ ਦਾ ਇਤਿਹਾਸ ਭਰਿਆ ਪਿਆ ਹੈ। ਪੁੱਤ-ਨੂੰਹ ਜਿੰਨੇ ਮਰਜ਼ੀ ਕੁਲੱਛਣੇ ਹੋਣ, ਬਜ਼ੁਰਗ ਉਹਨਾਂ ਦੀਆਂ ਬੁਰਾਈਆਂ ਤੇ ਪਰਦਾ ਪਾਉਂਦੇ ਰਹਿੰਦੇ ਹਨ। ਤਾਂ ਕਿ ਉਹਨਾਂ ਦੀ ਔਲਾਦ ਨੂੰ ਕੋਈ ਭੈੜਾ ਨਾ ਕਹੇ। ਬਜ਼ੁਰਗਾਂ ਨੂੰ ਜੜ੍ਹਾਂ ਦੇ ਸਮਾਨ ਸਮਝਿਆ ਜਾਂਦਾ ਹੈ, ਜਿਨਾਂ ਤੋਂ ਅੱਗੇ ਕਰੂੰਬਲਾਂ ਟਾਹਣੀਆਂ ਤੇ ਸੰਘਣੀਆਂ ਛਾਵਾਂ ਪੈਦਾ ਹੁੰਦੀਆਂ ਹਨ, ਹਨੇਰੀਆਂ ਤੇ ਝੱਖੜਾਂ ਤੋਂ ਬਚਾਉ ਵੀ ਮਜਬੂਤ ਜੜ੍ਹਾਂ ਹੀ ਕਰਦੀਆਂ ਹਨ, ਬੇਸਮਝੀ ਕਾਰਨ ਹੀ ਅਸੀਂ ਉਹਨਾਂ ਦਾ ਸਤਿਕਾਰ ਕਰਨਾ ਭੁੱਲ ਜਾਂਦੇ ਹਾਂ। "ਆਇਆ ਬੁਢਾਪਾ ਸੌ ਸਿਆਪਾ," ਬਜ਼ੁਰਗਾਂ ਦੇ ਦਰਦ ਨੂੰ, ਸਮਝ ਨਾਲ, ਨੇੜਿਉਂ ਤੱਕ ਕੇ, ਕੋਈ ਸੂਝਵਾਨ ਬੰਦਾ ਹੀ ਸਮਝ ਸਕਦਾ ਹੈ।ਅੰਤਰੀਵ ਮਨ ਦੀ ਭਾਵਨਾ ਬੁੱਝ ਸਕਦਾ ਹੈ।ਪਹਿਲੀ ਉਮਰ ਵਿੱਚ, ਅਸੀਂ ਬਜ਼ੁਰਗਾਂ ਨੂੰ, ਕਿਸੇ ਮੁਸ਼ਕਿਲ ਵਿੱਚ ਫਸਿਆ ਦੇਖ ਕੇ, ਉਸ ਦਾ ਮਜ਼ਾਕ ਉਡਾਉਂਦੇ ਰਹਿੰਦੇ ਸੀ, ਹੁਣ ਜਦੋਂ ਆਪਣੇ ਤੇ ਬੀਤ ਰਹੀ ਹੈ ਤਾਂ ਸਮਝ ਆ ਰਹੀ ਹੈ, "ਜਿਸ ਤਨ ਲਾਗੇ ਸੋ ਤਨ ਜਾਣੇ"। ਅੰਤਰੀਵ ਮਨ ਦੀ ਭਾਵਨਾ ਬੁਝ ਸਕਦਾ ਹੈ।

ਕਹਿੰਦੇ ਨੇ "ਬਜ਼ੁਰਗਾਂ ਦਾ ਕਿਹਾ ਔਲੇ ਦਾ ਖਾਧੇ ਦੇ ਸਵਾਦ ਦਾ ਬਾਅਦ ਵਿੱਚ ਪਤਾ ਲੱਗਦਾ ਹੈ"।ਬਜ਼ੁਰਗਾਂ ਦੀ ਮੌਜੂਦਗੀ, ਉਹਨਾਂ ਦੇ ਜਾਣ ਤੋਂ ਬਾਅਦ ਪਤਾ ਲੱਗਦੀ ਹੈ ਕਿ ਕਿੰਨੇ ਚੰਗੇ ਸਨ ਸਾਡੇ ਮਾਪੇ। ਫਿਰ ਦਿਖਾਵੇ ਦੀ ਖਾਤਰ ਉਹਨਾਂ ਦੇ ਸ਼ਰਾਧ ਕਰਾਏ ਜਾਂਦੇ ਹਨ। ਜਿਉਂਦੇ ਜੀਅ ਉਹਨਾਂ ਦੀ ਕੋਈ ਕਦਰ ਨਹੀਂ ਪਾਈ ਹੁੰਦੀ। ਨੇਕੀ ਕਰਨ ਵਾਲਾ ਭਾਵੇਂ ਨਾ ਰਹੇ, ਨੇਕੀ ਹਮੇਸ਼ਾ ਉਜਾਗਰ ਹੁੰਦੀ ਹੈ, ਬਦੀ ਹਾਰ ਜਾਂਦੀ ਹੈ। ਬਾਅਦ ਵਿੱਚ ਪਛਤਾਉਣ ਦਾ ਕੋਈ ਫਾਇਦਾ ਨਹੀਂ,ਜਦੋਂ ਚਿੜੀਆਂ ਸਾਰਾ ਖੇਤ ਹੀ ਚੁੱਗ ਜਾਣ। ਮਹਿਲ-ਮੁਨਾਰੇ ਉਹਨਾਂ ਨਾਲ ਹੀ ਸੋਂਹਦੇ ਹਨ ,ਸਿਆਣੀ ਔਲਾਦ ਭੁੱਲ ਕੇ ਵੀ, ਉਹਨਾਂ ਦਾ, ਨਿਰਾਦਰ ਕਰਨ ਬਾਰੇ, ਨਹੀਂ ਸੋਚਦੀ। ਬੱਚੇ, ਨੌਜਵਾਨ ਤੇ ਅਧਖੜ ਉਮਰ ਦੇ ਬੰਦੇ, ਬੁਢਾਪੇ ਦੀਆਂ ਮੁਸ਼ਕਿਲਾਂ ਦਾ ਅੰਦਾਜ਼ਾ ਨਹੀਂ ਲਾ ਸਕਦੇ, ਉਹਨਾਂ ਨਾਲ ਕਦੇ ਵੀ ਧੱਕਾ ਨਾ ਕਰੋ, ਉਹ ਤੁਹਾਡੇ ਰਹਿਮੋ ਕਰਮ ਉੱਤੇ ਹੀ ਜਿੰਦਾ ਹਨ। ਪੁੱਤਰਾਂ ਨਾਲੋਂ ਵੱਧ, ਧੀਆਂ ਹੀ ਮਾਂ- ਪਿਓ ਦੀ, ਸੇਵਾ ਕਰਦੀਆਂ ਹਨ ਜਦੋਂ ਕਿ ਵਸੀਅਤ ਪੁੱਤਰਾਂ ਦੇ ਨਾਮ ਹੀ ਕੀਤੀ ਜਾਂਦੀ ਹੈ, ਜਿਹੜੇ ਕਿ ਮਾਂ ਪਿਓ ਨੂੰ ਸਭ ਤੋਂ ਜਿਆਦਾ ਠਿੱਠ ਕਰਦੇ ਹਨ। ਪੁੱਤਰਾਂ ਦੇ ਦੁਰਵਿਵਹਾਰ ਹੀ,ਸਾਡੇ ਸਮਾਜਿਕ ਢਾਂਚੇ ਨੂੰ, ਬਿਖੇਰਦੇ ਹਨ। ਬਜ਼ੁਰਗਾਂ ਦੀ ਦੇਖਭਾਲ ਲਈ ਬਣੇ ਕਾਨੂੰਨ ਹੀ, ਮਾਪਿਆਂ ਨੂੰ ਸੰਭਾਲਣ ਪ੍ਰਤੀ ਚੇਤਨ ਕਰਨ ਦਾ ਕਾਰਜ ਕਰ ਰਹੇ ਹਨ।



ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਬਜ਼ੁਰਗਾਂ ਦੀ ਵਧ ਰਹੀ ਗਿਣਤੀ ਦੇ ਮੱਦੇ-ਨਜ਼ਰ, ਕੋਈ ਅਜਿਹੀ ਪਾਏਦਾਰ ਸੰਸਥਾ ਨਜ਼ਰ ਨਹੀਂ ਆਉਂਦੀ, ਜਿੱਥੇ ਬਜ਼ੁਰਗ ਅਪਣਾ ਗੁਣਾਤਮਕ ਢੰਗ ਨਾਲ ਗੁਜ਼ਾਰਾ ਕਰ ਸਕਣ।

**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40 ਏ ਚੰਡੀਗੜ੍ਹ। ਫੋਨ ਨੰਬਰ : 9878469639**

# "ਪੰਜਾਬੀ ਦੀਆਂ ਯੱਭਲੀਆਂ"

ਜਿਹੜਿਆਂ ਨੇ ਹੀਰੋ ਬਣੇ ਸੰਨੀ ਦਿਓਲ ਦੀ ਫ਼ਿਲਮ "ਇੰਡੀਅਨ" ਦੇਖੀ ਆ। ਓਹਨਾਂ ਨੂੰ ਪੁਲਸ ਦੇ ਵੱਡੇ ਅਫ਼ਸਰ ਰਾਜ ਬੱਬਰ ਤੇ ਸੰਨੀ ਦਿਓਲ ਦੇ ਆਹ ਡਾਇਲਾਗ ਯਾਦ ਹੋਣੇ;

ਰਾਜ ਬੱਬਰ-ਤੁਮੇ ਦੰਗੋਂ ਕੇ ਬਾਰੇ ਮੇਂ ਕਬ ਪਤਾ ਚਲਾ?

ਸੰਨੀ ਦਿਓਲ-ਆਜ ਸੁਬਹਾ। ਰਾਜ ਬੱਬਰ- ਮੁਝੇ ਦੋ ਦਿਨ ਪਹਿਲੇ ਮਾਲੂਮ ਥਾ।

ਤਿਉਹਾਰਾਂ ਦੇ ਦਿਨਾਂ ਦੀ ਗੱਲ ਸੁਣਾਉਂਦਾ ਹਾਂ। ਕਈ ਸਾਲ ਪਹਿਲਾਂ ਮੇਰੇ ਇੱਕ ਜਾਣ-ਪਛਾਣ ਵਾਲ਼ੇ ਦਰਜ਼ੀ ਨੇ ਗੱਲ ਸੁਣਾਈ ਸੀ। ਓਹ ਓਸਦੇ ਸ਼ਹਿਰ ਦੇ ਇੱਕ ਵੱਡੇ ਸਿਹਤ ਵਿਭਾਗ ਦੇ ਅਫਸਰ ਦੇ ਕੱਪੜੇ ਬਣਾਉਂਦਾ ਹੁੰਦਾ ਸੀ। ਹਰ ਸਾਲ ਦਿਵਾਲੀ ਲੰਘਣ ਤੋਂ ਬਾਅਦ, ਓਹ ਅਫ਼ਸਰ ਓਸਨੂੰ ਘਰ ਬੁਲਾਉਂਦਾ ਤੇ ਅਣਗਿਣਤ ਨਵੇਂ ਨਿਕੋਰ ਸੀਤੇ ਤੇ ਅਣਸੀਤੇ ਕੋਟ ਪੈਂਟ ਬਹੁਤ ਘੱਟ ਪੈਸਿਆਂ 'ਤੇ ਚੁਕਵਾ ਦਿੰਦਾ। ਇਸੇ ਤਰ੍ਹਾਂ ਕਈ ਘੜੀਆਂ ਵਾਲ਼ੇ, ਬੂਟਾਂ ਵਾਲ਼ੇ ਤੇ ਹੋਰ ਮਹਿੰਗੇ ਤੋਹਫੇ ਵੇਚਣ ਵਾਲ਼ੇ ਵੀ ਹੁੰਦੇ ਸਨ। ਇੱਕ ਦਿਵਾਲੀ ਮਗਰੋਂ ਕੀ ਹੋਇਆ ਕਿ ਟੇਲਰ ਨੂੰ ਇੱਕ ਕੋਟ ਦੀ ਅੰਦਰਲੀ ਜ਼ੇਬ ਵਿਚ ਕੁਝ ਪਿਆ ਰੜਕਿਆ। ਓਹਨੇ ਹੱਥ ਪਾਇਆ ਤਾਂ ਅੰਦਰ ਗਿਆਰਾਂ ਹਜ਼ਾਰ ਦੀ ਦੱਥੀ। ਟੇਲਰ ਦੀਆਂ ਮੌਜਾਂ ਲੱਗ ਗਈਆਂ। ਓਸਨੇ ਦੋ ਸੌ ਦੇ ਲਗਭਗ ਕੱਪੜਿਆਂ ਦਾ ਸੌਦਾ ਦਸ ਕੁ ਹਜ਼ਾਰ 'ਚ ਮਾਰਿਆ ਸੀ ਤੇ ਮਿਲ ਗਿਆਰਾਂ ਹਜ਼ਾਰ ਗਏ।

ਆਹ ਕੁੱਝ ਦਿਨ ਪਹਿਲਾਂ ਪਟਿਆਲੇ ਕੇ ਐਫ਼ ਸੀ ਦੇ ਸੈਂਟਰ ਵਿਚ ਮੁਸ਼ਕ ਮਾਰਦਾ ਮਾਸ ਲੋਕਾਂ ਨੇ ਫੜਿਆ ਆ। ਕੀ ਸਿਹਤ ਵਿਭਾਗ ਨੂੰ ਇਸਦੀ ਅਗਾਊਂ ਜਾਣਕਾਰੀ ਨਹੀਂ ਸੀ?

ਦਿਵਾਲੀ ਦੇ ਤਿਓਹਾਰ ਵੇਲ਼ੇ ਏਨੀ ਨਕਲੀ ਮਠਿਆਈ ਵਿਕਦੀ ਹੈ, ਕੀ ਸਿਹਤ ਵਿਭਾਗ ਨੂੰ ਜਾਣਕਾਰੀ ਨਹੀਂ? ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘਟ ਰਹੀ ਹੈ ਤੇ ਦੁੱਧ ਦੀ ਪੈਦਾਵਾਰ ਕਈ ਗੁਣਾਂ ਵਧ ਰਹੀ ਹੈ। ਕੀ ਇਸ ਬਾਰੇ ਕੁਝ ਨਹੀਂ ਜਾਣਦਾ ਸਿਹਤ ਵਿਭਾਗ?

ਪ੍ਰਵਾਸੀਆਂ ਦੀਆਂ ਰੇਹੜੀਆਂ 'ਤੇ ਵਿਕਦਾ ਫਾਸਟ ਫੂਡ ਨਿਰਾ ਗੰਦ ਆ, ਕੀ ਸਿਹਤ ਵਿਭਾਗ ਨਹੀਂ ਜਾਣਦਾ? ਪਾਣੀ ਦਾ ਠੰਢਾ ਛਿੱਟਾ ਮਾਰਨ ਲਈ ਹਰ ਵਾਰ ਜਾਂ ਕਦੀ-ਕਦਾਈਂ ਕੁਝ ਕੁ ਚਲਾਨ ਕੀਤੇ ਜਾਂਦੇ ਨੇ, ਜੋ ਕਿ ਬਾਅਦ ਵਿੱਚ ਅਦਾਲਤਾਂ ਅੰਦਰ ਜਾ ਕੇ ਠੁੱਸ ਹੋ ਜਾਂਦੇ ਹਨ ਤੇ ਸਬੰਧਤ ਬਾ-ਇੱਜ਼ਤ ਬਰੀ।

ਇੰਡੀਅਨ ਫਿਲਮ ਦੇ ਡਾਇਲਾਗ ਦੁਬਾਰਾ ਦੁਹਰਾਉਣ ਦੀ ਲੋੜ ਹੈ ਜਾਂ ਨਹੀਂ?



**ਜਸਵਿੰਦਰ ਪੰਜਾਬੀ**

## ਸਿਰਫ਼ ਔਰਤਾਂ ਲਈ ਵੂਮਨਜ਼ ਹੈਲਥ ਵਰਕਸ਼ਾਪ 4 ਅਕਤੂਬਰ ਸ਼ਨੀਵਾਰ ਨੂੰ ਐਡੀਲੇਡ ਵਿੱਚ ਪਾਰਕਸ ਲਾਇਬ੍ਰੇਰੀ, ਐਗਲ ਪਾਰਕ ਵਿੱਚ ਲਗਵਾਈ ਜਾਵੇਗੀ

**ਐਡੀਲੇਡ (ਹਰਜਿੰਦਰ ਪਾਲ ਛਾਬੜਾ)** ਐਡੀਲੇਡ ਸੰਗਤ ਸਾਊਥ ਆਸਟ੍ਰੇਲੀਆ ਵੱਲੋਂ, ਵੇ ਟੂ ਆਸਟ੍ਰੇਲੀਆ ਐਜੂਕੇਸ਼ਨ ਐਂਡ ਮਾਈਗ੍ਰੇਸ਼ਨ ਦੇ ਸਹਿਯੋਗ ਨਾਲ, ਐਡੀਲੇਡ ਵਿੱਚ ਪਹਿਲੀ ਵਾਰ ਸਿਰਫ਼ ਔਰਤਾਂ ਲਈ ਇਕ ਵਿਸ਼ੇਸ਼ "ਵੂਮਨਜ਼ ਹੈਲਥ ਵਰਕਸ਼ਾਪ" ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਵਰਕਸ਼ਾਪ ਸ਼ਨੀਵਾਰ, 4 ਅਕਤੂਬਰ ਨੂੰ ਦੁਪਹਿਰ 1 ਵਜੇ ਤੋਂ 4 ਵਜੇ ਤੱਕ ਪਾਰਕਸ ਲਾਇਬ੍ਰੇਰੀ, ਐਗਲ ਪਾਰਕ (ਸਾਊਥ ਆਸਟ੍ਰੇਲੀਆ) ਵਿੱਚ ਕਰਵਾਈ ਜਾਵੇਗੀ। ਵਰਕਸ਼ਾਪ ਦਾ ਮੁੱਖ ਥੀਮ "ਵੂਮਨਜ਼ ਹੈਲਥ ਅਤੇ ਹਾਰਮੋਨਲ ਹਾਰਮਨੀ" ਹੋਵੇਗਾ। ਇਸ ਦੌਰਾਨ ਮਹਿਲਾਵਾਂ ਨੂੰ ਹਾਰਮੋਨਲ ਗੜਬੜੀ, ਪੀ.ਸੀ.ਓ.ਐਸ., ਥਾਇਰਾਇਡ, ਮੈਨੋਪਾਜ਼, ਮੂਡ ਸਵਿੰਗਜ਼ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ — ਉਹ ਵੀ ਕੁਦਰਤੀ ਅਤੇ ਚਿਕਿਤਸਾ ਦੋਹਾਂ ਪੱਧਰਾਂ 'ਤੇ। ਵਰਕਸ਼ਾਪ ਵਿੱਚ ਇੰਟਰਐਕਟਿਵ ਪ੍ਰਸ਼ਨ ਅਤੇ ਜਵਾਬ ਸੈਸ਼ਨ ਵੀ ਸ਼ਾਮਲ ਹੋਵੇਗਾ, ਜਿਸ ਵਿੱਚ ਭਾਗ ਲੈ ਰਹੀਆਂ ਮਹਿਲਾਵਾਂ ਆਪਣੀਆਂ ਭਾਵਨਾਵਾਂ ਅਤੇ ਪ੍ਰਸ਼ਨਾਂ ਨੂੰ ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿੱਚ ਪੂਰੀ ਖੁਲ੍ਹੇ ਦਿਲ ਨਾਲ ਰੱਖ ਸਕਣਗੀਆਂ। ਵਰਕਸ਼ਾਪ ਦੇ ਮੁੱਖ ਬੁਲਾਰੇ ਹੋਣਗੇ ਡਾ. ਅਮਨ ਭਿੰਡਰ, ਜੋ ਕਿ ਮਹਿਲਾ ਤੇ ਚਮੜੀ ਸੰਬੰਧੀ ਬੀਮਾਰੀਆਂ ਦੇ ਮਾਹਿਰ ਹਨ। ਮੁੱਖ ਮਹਿਮਾਨ ਹੋਣਗੀਆਂ ਡਾ. ਪਰਵਿੰਦਰ ਕੌਰ ਜੀ, ਜੋ ਕਿ ਵੈਸਟਰਨ ਆਸਟ੍ਰੇਲੀਆ ਤੋਂ ਐਮ.ਐਲ.ਸੀ. ਹਨ ਅਤੇ ਆਸਟ੍ਰੇਲੀਆ ਦੀ ਪਹਿਲੀ ਪੰਜਾਬੀ ਮੂਲ ਐਮ.ਪੀ. ਵਜੋਂ ਜਾਣੀਆਂ ਜਾਂਦੀਆਂ ਹਨ। ਇਸ ਚੈਰਿਟੀਕਾਰੀ ਇਵੈਂਟ ਲਈ ਦਾਖਲਾ ਮੁਫ਼ਤ ਹੈ ਪਰ ਸੀਟਾਂ ਸੀਮਤ ਹਨ, ਇਸ ਲਈ ਰਜਿਸਟ੍ਰੇਸ਼ਨ ਲਾਜ਼ਮੀ ਹੈ। ਸੰਸਥਾ ਵੱਲੋਂ ਮਹਿਲਾਵਾਂ ਨੂੰ ਆਪਣੀ ਜਗ੍ਹਾ ਪਹਿਲਾਂ ਹੀ ਬੁੱਕ ਕਰਨ ਦੀ ਅਪੀਲ ਕੀਤੀ ਗਈ ਹੈ। ਵਰਕਸ਼ਾਪ ਦੀ ਅਗਵਾਈ ਐਡੀਲੇਡ ਸੰਗਤ ਸਾਊਥ ਆਸਟ੍ਰੇਲੀਆ ਦੀਆਂ ਸਰਗਰਮ ਔਰਤ ਮੈਂਬਰਾਂ — ਅਮਨਦੀਪ ਕੌਰ ਜੱਸਰ, ਰਾਜਬੀਰ ਕੌਰ, ਰੀਤੂ ਕੌਰ ਅਤੇ ਪੂਜਾ ਗੁਲਾਟੀ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਮਕਸਦ ਮਹਿਲਾਵਾਂ ਵਿੱਚ ਸਿਹਤ ਸੰਬੰਧੀ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਸ਼ਰੀਰ ਤੇ ਮਨ ਬਾਰੇ ਹੋਰ ਸਮਝਦਾਰ ਅਤੇ ਸਸ਼ਕਤ ਬਣਾਉਣਾ ਹੈ। ਹੋਰ ਜਾਣਕਾਰੀ ਲਈ ਪੋਸਟਰ ਤੇ ਦਰਸਾਏ ਫੋਨ ਨੰਬਰ ਤੇ ਸੰਬਧਿਤ ਪ੍ਰਬੰਧਿਕਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।







## ਜ਼ਿੰਦਗੀ ਵਿਚ ਜਿੱਤ ਹਾਰ

ਜਿੱਤ ਸਾਰਿਆਂ ਨੂੰ ਭਾਉਂਦੀ ਹੈ, ਅਤੇ ਹਾਰਨ ਦੀ ਇੱਛਾ ਕੋਈ ਵੀ ਨਹੀਂ ਰੱਖਦਾ, ਕਿਉਂਕਿ ਸਾਨੂੰ ਵੀ ਹਾਰ ਪਸੰਦ ਨਹੀਂ ਸਾਡੀ ਸੰਸਕ੍ਰਿਤਕ ਮਾਨਤਾ ਹੀ ਇਹੋ ਜਿਹੀ ਹੈ। ਹਾਰ ਅਤੇ ਜਿੱਤ ਵਿਚ ਕਾਫ਼ੀ ਅੰਤਰ ਹੈ ,ਫਿਰ ਵੀ ਇਨ੍ਹਾਂ ਦੇ ਇਕ ਮਾਮਲੇ ਵਿਚ ਸਮਾਨਤਾ ਹੈ ।ਉਹ ਇਹ ਕਿ ਵਿਅਕਤੀ ਹਾਰੇ ਭਾਵੇਂ ਜਿੱਤੇ ਪਰ ਜਿੱਥੇ ਦੋਹਾਂ ਹੀ ਹਲਾਤਾਂ ਵਿੱਚ ਉਨ੍ਹਾਂ ਦੇ ਰਵਈਏ ਤੋਂ ਉਸਦੇ ਆਤਮ ਗੌਰਵ ਦਾ ਪਤਾ ਲੱਗਦਾ ਹੈ।

ਹਾਰ ਅਤੇ ਜਿੱਤ ਦਾ ਮਹੱਤਵ ਆਮ ਤੌਰ ਤੇ ਸੰਖੇਪ ਹੁੰਦਾ ਹੈ। ਆਖਰ ਕ੍ਰਿਕਟ ਦਾ ਮੈਚ ਜਿੱਤਣ ਦੀ ਬਜਾਇ ਲੜਾਈ ਦੇ ਮੈਦਾਨ ਵਿੱਚ ਕਿਤੇ ਜ਼ਿਆਦਾ ਮਹੱਤਵ ਰੱਖਦਾ ਹੈ। ਜਿਵੇਂ-ਜਿਵੇਂ ਮੁਕਾ-ਬਲਾ ਸਖ਼ਤ ਹੁੰਦਾ ਜਾਂਦਾ ਹੈ। ਜਿੱਤ ਹਾਰ ਦੀ ਰੇਖਾ ਬਰੀਕ ਹੁੰਦੀ ਜਾਂਦੀ ਹੈ। 2022 ਦਾ ਫੀਫਾ ਵਿਸ਼ਵ ਫੁੱਟਬਾਲ ਕੱਪ ਹੀ ਲੈ ਲਓ।

ਹਰ ਦੇਸ਼ ਦੇ ਫੁੱਟਬਾਲ ਖਿਡਾਰੀ ਦੀ ਕੋਸ਼ਿਸ਼ ਸੀ ਕਿ ਉਹ ਸੋਨੇ ਦਾ ਤਗਮਾ ਜਿੱਤੇ। ਪਰ ਕਈ ਸੋਨੇ ਦਾ ਤਗਮਾ ਬਿਨ੍ਹਾਂ ਜਿੱਤਣ ਤੋਂ ਬਾਅਦ ਵਾਪਸ ਆ ਗਏ ।ਕੀ ਉਹਨਾਂ ਤਗਮਾ ਨਾ ਮਿਲਣ ਕਰਕੇ ਕਰਕੇ ਉਨ੍ਹਾਂ ਨੂੰ ਹਾਰਿਆ ਹੋਇਆ ਕਹਿਣਾ ਠੀਕ ਹੋਵੇਗਾ ? ਜੇ ਉਨ੍ਹਾਂ ਨੇ ਅਪਣਾ ਸਭ ਤੋਂ ਚੰਗਾ ਪ੍ਰਦਰਸ਼ਨ ਕੀਤਾ ਅਤੇ ਉਹ ਤਗਮਾ ਜਿੱਤਣ ਵਿੱਚ ਅਸਫ਼ਲ ਰਹੇ ਤਾਂ ਉਹ ਤਾਂ ਵੀ ਹਾਰੇ ਹੋਏ ਖਿਡਾਰੀ ਨਹੀਂ ਅਖਵਾਉਣਗੇ। ਓਸ ਦੇਸ਼ ਦੇ ਖਿਡਾਰੀਆਂ ਨੂੰ ਨਾ ਕਿਸੇ ਤੋਂ ਮਾਫ਼ੀ ਮੰਗਣ ਦੀ ਲੋੜ ਹੈ ਅਤੇ ਨਾ ਹੀ ਆਪ ਦੁਖੀ ਹੋਣ ਦੀ ਲੋੜ ਹੈ ।ਕਿਸੇ ਵੀ ਵਿਅਕਤੀ ਦਾ ਆਤਮ-ਸਨਮਾਨ ਉਸ ਦੇ ਪ੍ਰਦਰਸ਼ਨ ਦੇ ਆਧਾਰ ਤੇ ਨਹੀਂ ਹੁੰਦਾ।

ਮੁਕਾਬਲੇ ਇਹੋ ਜਿਹੀ ਅਦਭੁਤ ਚੀਜ਼ ਹਨ ।ਜੋ ਵਿਅਕਤੀ ਨੂੰ ਲਗਾਤਾਰ ਤਾਕਤਵਰ ਬਣਾਏ ਰੱਖਦੇ ਹਨ, ਅਤੇ ਉਨ੍ਹਾਂ ਨੂੰ ਨਵੀਆਂ-ਨਵੀਆਂ ਚਣੌਤੀਆਂ ਲਈ ਭਿੜਨ ਲਈ ਸ਼ਕਤੀ ਦਿੰਦੇ ਹਨ। ਕਦੇ ਵੀ ਸੋਚਣ ਦੀ ਭੁੱਲ ਨਹੀਂ ਕਰਨੀ ਚਾਹੀਦੀ ਕਿ ਹਾਰਨਾਂ ਅਤੇ ਕਮਜ਼ੋਰ ਹੋਣਾ ਇਕ ਹੀ ਚੀਜ਼ ਰਿਹਾ ਹੈ।

ਹਾਰ ਦਾ ਸ਼ੁਰੂਆਤੀ ਧੱਕਾ ਸਹਿਣ ਦੇ ਬਾਅਦ ਤੋਂ ਹੀ ਸ਼ਾਂਤੀ ਨਾਲ ਬੈਠ ਕੇ ਸੋਚ ਸਕਦੇ ਹੋ ਕਿ ਭੁਲ ਕਿੱਥੇ ਹੋਈ ਅਤੇ ਕਿਹੜੇ ਮਾਮਲਿਆ ਵਿੱਚ ਤੁਸੀਂ ਜਿਆਦਾ ਤਾਕਤਵਰ ਹੋ । ਜਿੱਤ ਨਾਲ ਜਿਨ੍ਹਾਂ ਨੁਕਸਾਨ ਮਨ ਹੁੰਦਾ ਹੈ ਉਨ੍ਹਾਂ ਨੁਕਸਾਨ ਹਾਰ ਨਾਲ ਨਹੀਂ ਹੁੰਦਾ । ਕਿਉਂਕਿ ਜਿੱਤਣ ਤੋਂ ਬਾਅਦ ਆਦਮੀ ਜ਼ਿਆਦਾ ਖੁਸ਼ ਹੋ ਜਾਂਦਾ ਹੈ। ਜਿਸ ਤਰ੍ਹਾਂ ਹਾਰ ਨੂੰ ਮਨ ਵਿਚ ਬਿਠਾਉਣ ਦੀ ਜ਼ਰੂਰਤ ਨਹੀਂ ਹੁੰਦੀ ,ਓਸੇ ਤਰ੍ਹਾ ਜਿੱਤ ਨੂੰ ਵੀ ਸਿਰ ਚੜਾਉਣ ਦੀ ਭੁੱਲ ਨਹੀਂ ਕਰਨੀ ਚਾਹੀਦੀ।

ਜਦ ਸਿਰਫ ਸਾਡਾ ਉਦੇਸ ਜਿਤਨਾ ਹੀ ਹੈ ਤਾਂ ਮਨ ਪਰੇਸ਼ਾਨ ਹੋ ਜਾਂਦਾ ਹੈ, ਤਾਂ ਤਣਾਅ ਵਧਦਾ ਹੈ ।ਹਾਰ ਦਾ ਮੁਕਾਬਲਾ ਕਰਨ ਦੀ ਕਲਾ ਸਿੱਖਣੀ ਬਹੁਤ ਜ਼ਰੂਰੀ ਹੈ ।ਇਹ ਹਾਰ ਜੋ ਸਾਨੂੰ ਬਾਰ-ਬਾਰ ਇਹ ਅਹਿਸਾਸ ਕਰਵਾਉਦੀ ਰਹਿੰਦੀ ਹੈ ਕਿ ਸਾਨੂੰ ਕਿਧਰੇ ਹੋਰ ਸਿੱਖਣ ਦੀ ਜ਼ਰੂਰਤ ਹੈ ।ਆਪਣਾ ਉਦੇਸ਼ ਖ਼ੁਦ ਬਣਾਓ ਅਤੇ ਆਪਣੀ ਮਿਹਨਤ ਦੇ ਬਲਬੂਤੇ ਉੱਪਰ ਵਧਦੇ ਜਾਓ। ਸਫਲਤਾ ਇਕ ਖੁਸ਼ੀ ਹੈ ਪਰ ਇਹ ਸਿਰ ਤੇ ਭਾਰੂ ਨਹੀਂ ਹੋਣੀ ਚਾਹੀਦੀ ਕਿਉਂਕਿ ਹਰ ਵਿਅਕਤੀ ਆਪਣੀ ਆਪਣੀ ਤਰਾ ਨਾਲ ਖ਼ਾਸੀਅਤ ਲਈ ਬੈਠਾ ਹੈ।

**ਸ਼ੁਭਚਿੰਤਕ ਪਾਠਕ।**
**ਆਕਾਸ਼ਦੀਪ ਸੈਫ਼ੀ ਸਰਮਾ ਝਬੇਲਵਾਲੀ**
**ਪਿੰਡ ਅਤੇ ਡਾਕਖਾਨਾ ਝਬੇਲਵਾਲੀ**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ**
**6284145349**

# ਨਾਮਵਰ ਕਵਿੱਤਰੀ ,ਉੱਘੀ ਰੇਡੀਓ ਅਨਾਊਂਸਰ ਅਤੇ ਇਕ ਸਨਿਮਰ ਸ਼ਖਸੀਅਤ "ਛਿੰਦਰ ਕੌਰ ਸਿਰਸਾ"

'ਚਿੜੀਆਂ ਦੀ ਚੀਂ ਚੀਂ ਜਾਂ
ਮੋਰਾਂ ਦੀ ਕੂਕ।
ਨਦੀਆਂ ਦੀ ਕਲ ਕਲ ਤੇ
ਵਾਅਵਾਂ ਦੀ ਸ਼ੂਕ।
ਗੀਤ , ਗ਼ਜ਼ਲ ਜਾਂ
ਹੁੰਦੀ ਉਹ ਕਵਿਤਾ
ਹੈ,
ਸੀਨੇ ਚੋਂ ਉਠਦੀ ਹੈ
ਜਿਹੜੀ ਵੀ ਹੂਕ।

ਇਕ ਕਵੀ ਮਨ ਬੜਾ ਹੀ ਸੂਖਮ ਤੇ ਸੰਵੇਦਨਸ਼ੀਲ ਹੁੰਦਾ ਹੈ ।ਉਹ ਹਰ ਉਸ ਪਲ ਨੂੰ ਆਪਣੀ ਪਕੜ ਚ ਲੈਣ ਦੀ ਕੋਸ਼ਿਸ਼ ਕਰਦਾ ਹੈ ਜੋ ਚੇਤ ਜਾਂ ਅਚੇਤ ਉਸ ਨੂੰ ਛੋਹ ਜਾਂਦਾ ਹੈ।ਕਵਿਤਾ ਦੀ ਗੱਲ ਕਰੀਏ ਤਾਂ ਮਾਂ ਦੀ ਲੋਰੀ ਤੋਂ ਸ਼ੁਰੂ ਹੋ ਕੇ ਜੀਵਨ ਦੇ ਆਖਰੀ ਛਿਣ ਤਾਈਂ ਮਨੁੱਖ ਦੇ ਅੰਗ ਸੰਗ ਰਹਿੰਦੀ ਹੈ।ਕਵੀ ਲੋਕ, ਪੰਛੀਆਂ ਦੀ ਚਹਿਕ,ਫੁੱਲਾਂ ਦੀ ਮਹਿਕ ,ਰੁਮਕਦੀਆਂ ਵਾਅਵਾਂ ਦੀ ਸ਼ਾਂ ਸ਼ਾਂ ਤੇ ਵਗਦੇ ਪਾਣੀਆਂ ਦੀ ਕਲ-ਕਲ ਨਾਲ਼ ਇਕ-ਮਿਕ ਹੋ ਕੇ ਸੁਰੀਲੀਆਂ ਕਵਿਤਾਵਾਂ ਦੀ ਸਰਵੋਤਮ ਸਿਰਜਣਾ ਕਰਦਿਆਂ ਆਪਣੇ ਵਲਵਲੇ ਹੀ ਨਹੀਂ ਬਲਕਿ ਪੂਰੀ ਕਾਇਨਾਤ ਦੀ ਕਥਾ ਸੁਰਬੱਧ ਕਰ ਜਾਂਦੇ ਨੇ।ਅਨੇਕਾਂ ਲੇਖਕ ,ਕਵੀ ਤੇ ਸ਼ਾਇਰ ਜਿਹਨਾਂ ਨੇ ਲੋਕ ਮਨਾਂ ਦੇ ਹਾਣ -ਪ੍ਰਵਾਨ ਦੀਆਂ ਲਿਖਤਾਂ ਰਚੀਆਂ , ਲੋਕ -ਚੇਤਿਆਂ ਚ ਸਦਾ ਲਈ ਪਰਵਾਨ ਚੜ੍ਹ ਗਏ ।ਅਜੇਹੇ ਹੀ ਕਵੀਆਂ ਤੇ ਸ਼ਾਇਰਾਂ 'ਚੋਂ ਇਕ ਹੈ, ਸਾਹਿਤ ਦੇ ਖੇਤਰ ਦੀ ਨਾਮਵਰ ਹਸਤਾਖ਼ਰ,ਇਕ ਸੁਰੀਲੀ ਕਲਮ ਤੇ ਉੱਘੀ ਰੇਡੀਓ ਅਨਾਊਂਸਰ "ਛਿੰਦਰ ਕੌਰ ਸਿਰਸਾ" (ਸ਼ਿੰਦਰ )॥

ਛਿੰਦਰ ਕੌਰ ਸਿਰਸਾ ਦਾ ਜਨਮ ਪਿਤਾ ਸਰਦਾਰ ਬਲਦੇਵ ਸਿੰਘ ਦੇ ਘਰ ਮਾਤਾ ਜਸਵੰਤ ਕੌਰ ਦੀ ਕੁੱਖੋਂ ਪਿੰਡ ਮਮੇਰਾਂ ਕਲਾਂ ਵਿਖੇ 26 ਅਗਸਤ 1975 ਨੂੰ, ਲਹਿੰਦੇ ਪੰਜਾਬ ਚੋਂ ਹਿਜ਼ਰਤ ਕਰਕੇ ਆਏ ਸੰਯੁਕਤ ਪਰਿਵਾਰ ਵਿਚ ਹੋਇਆ। ਉਹ ਦੱਸਦੀ ਹੈ ਕਿ ਬਚਪਨ ਤੋਂ ਹੀ ਉਹ ਆਪਣੀ ਦਾਦੀ ਮਾਂ ਦੇ ਬਹੁਤ ਨੇੜੇ ਰਹੀ ਹੈ। ਇਸ ਕਰਕੇ ਉਸਦਾ ਮੰਨਣਾ ਹੈ ਕਿ ਸ਼ਬਦਾਂ ਦੀ ਗੁੜ੍ਹਤੀ ਵੀ ਉਸ ਨੂੰ ਆਪਣੀ ਦਾਦੀ ਕੋਲੋਂ ਹੀ ਮਿਲੀ ਹੈ॥ ਉਸਦੀ ਦਾਦੀ ਦੇ ਮਨ ਵਿੱਚ ਆਪਣੇ ਪਿਛਲੇ ਪਿੰਡ ਗੁੱਜਰਾਂਵਾਲਾ ਪ੍ਰਤੀ ਹੇਰਵਾ ਤੇ ਉਦਰੇਵਾਂ ਬਣਿਆ ਰਿਹਾ। ਘਰ ਵਿੱਚ ਨਿੱਤ ਹੀ ਪਿਛਲੇ ਪਿੰਡ ਦੀਆਂ ਗੱਲਾਂ ਚਲਦੀਆਂ, ਇਕ ਪੀੜ ਤੇ ਕਸਕ ਦਾ ਮਾਹੌਲ ਬਣ ਜਾਂਦਾ ਰਿਹਾ॥ ਉਸਦੀ ਦਾਦੀ ਆਪਣੇ ਪਿੰਡ ਗੁੱਜਰਾਂਵਾਲਾ ਲਈ ਤਰਸਦੀ ਹੀ ਇਸ ਜਹਾਨੋਂ ਕੂਚ ਕਰ ਗਈ।ਕਿਸੇ ਹਿਜ਼ਰਤ ਕਰਨ ਵਾਲੇ ਪਰਿਵਾਰ ਨੂੰ ਮੁੜ ਵਸੇਵੇ ਲਈ ਜੋ ਦੁੱਖ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਛਿੰਦਰ ਦੇ ਪਰਿਵਾਰ ਹਿੱਸੇ ਵੀ ਉਹ ਆਈਆਂ ਸਨ ,ਇਸ ਮਾਹੌਲ ਨੇ ਛਿੰਦਰ ਦੇ ਬਾਲ ਮਨ ਤੇ ਗਹਿਰਾ ਅਸਰ ਕੀਤਾ,ਇਹਨਾਂ ਪੀੜਾਂ ਚੋਂ ਜਨਮ ਹੋਇਆ ਹੈ ਛਿੰਦਰ ਵਿਚਲੀ ਕਵਿੱਤਰੀ ਦਾ।ਉਹ ਦੱਸਦੀ ਹੈ ਕਿ ਬਚਪਨ ਵਿੱਚ ਉਹ ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਪੜ੍ਹਨ ਲੱਗ ਪਈ ਸੀ, ਜਿਹਨਾਂ ਤੋਂ ਪ੍ਰਭਾਵਿਤ ਹੋ ਕੇ ਉਸਨੇ ਪਹਿਲੀ ਕਵਿਤਾ ਅੱਲ੍ਹੜ ਉਮਰੇ ਦਸਵੀਂ ਜਮਾਤ ਚ ਪੜ੍ਹਦਿਆਂ ਲਿਖੀ ਸੀ ਤੇ ਫਿਰ ਉਸਨੇ ਕਾਲਜ ਵਿੱਚ ਪਹੁੰਚਦਿਆਂ ਐਮ ਏ ਕਰਨ ਤੱਕ ਅਨੇਕਾਂ ਕਵਿਤਾਵਾਂ ਦੀ ਸਿਰਜਣਾ ਕੀਤੀ।

ਉਹ ਕਹਿੰਦੀ ਹੈ "ਕਵਿਤਾ ਮੈਨੂੰ ਆਉਂਦੇ ਜਾਂਦੇ ਸਾਹਾਂ ਵਾਗ ਜਾਪਦੀ ਹੈ, ਕਾਵਿ-ਕਿਰਤ ਨਾਲ ਜੁੜ ਇੰਝ ਲੱਗਦਾ ਹੈ ਜਿਵੇਂ ਸਾਰੇ ਦੁੱਖ -ਦਰਦ ਕਲਮ ਦੇ ਹਵਾਲੇ ਕਰਦਿਆਂ ਮੇਰੀ ਜ਼ੁਬਾਨ ਦੇ ਰੋਜ਼ੇ ਖੁੱਲ ਗਏ ਹੋਣ" ,ਇਕ ਵਕਤ ਉਹ ਵੀ ਹੁੰਦਾ ਹੈ ਕਵਿਤਾ ਜਦੋਂ ਅੰਦਰਲੀ ਟੁੱਟ-ਭੱਜ ਵਰਗੀ ਹੁੰਦੀ ਹੈ, ਪਰ ਹੌਲੀ ਹੌਲੀ ਬੁੱਲ੍ਹੇ ਵਾਂਗ ਜਦੋਂ ਇਸ਼ਕ ਦੇ ਅਰਥ ਸਮਝ ਆਉਂਦੇ ਹਨ ਤਾਂ ਇਸ਼ਕ ਦੇ ਹਰਫ਼ ਵੀ ਸਹਿਜ ਜਾਪਦੇ ਹਨ "

ਥਲ ਕੰਡਿਆਲ਼ੇ
ਵਹਿਣ ਪਿਆਸੇ
ਨਾ ਪਿੰਡਾ ਆਪਣਾ ਲੂਹ।
ਫ਼ਕੀਰਾਂ ਵਾਂਗ
ਨੀ ਫਿਰਦੀਏ ਜਿੰਦੇ
ਤੇਰੀ ਮਿਲੇ ਕਤੇਬੋਂ ਸੂਹ।
ਅਜ਼ਾਨੀ ਅਰਦਾਸੀਂ
ਦੱਸ ਉਸਨੂੰ
ਮੱਸਿਆ ਤਪੱਸਿਆ ਤੂੰ ਹੀ।

ਉਹ ਜ਼ਿਆਦਾਤਰ ਖੁੱਲ੍ਹੀ ਕਵਿਤਾ ਲਿਖਦੀ ਹੈ। ਉਸਦੀ ਲੇਖਣੀ ਮੈਂ ਤੋਂ ਪਰੇ ਤੱਕ ਦੀ ਗੱਲ ਕਰਦੀ ਹੈ। ਜਿਵੇਂ ਕਿ ਅਕਸਰ ਹੁੰਦਾ ਹੈ ਜੇ ਇਸ਼ਕ ਮਜਾਜੀ ਪਹਿਲੀਆਂ ਲਿਖਤਾਂ



ਦਾ ਸ਼ਿੰਗਾਰ ਬਣਦਾ ਹੈ ਤਾਂ ਇਸ਼ਕ ਹਕੀਕੀ ਪ੍ਰੌੜ੍ਹ ਲੇਖਣੀ ਦਾ ਮਿਆਰ ਹੁੰਦਾ ਹੈ। ਸ਼ਿੰਦਰ ਦੀਆਂ ਲਿਖਤਾਂ ਜਿੱਥੇ ਪਿਆਰ ਮੁਹੱਬਤ ਚ ਗੜੁੱਚ ਹੁੰਦੀਆਂ ਹਨ ਉੱਥੇ ਉਹਨਾਂ ਵਿੱਚ ਮਾਂ ਬੋਲੀ ਪੰਜਾਬੀ ਲਈ ਹੇਜ,ਪਰਵਾਸ ਦੀਆਂ ਤਲਖ ਹਕੀਕਤਾਂ ਅਤੇ ਮਨੁੱਖੀ ਰਿਸ਼ਤਿਆਂ ਵਿਚ ਵਧਦੀ ਜਾ ਰਹੀ ਟੁੱਟ-ਭੱਜ ਪ੍ਰਤੀ ਇਕ ਚਿੰਤਾ ਵੀ ਹੁੰਦੀ ਹੈ । ਇਨਸਾਨੀ ਕਦਰਾਂ ਕੀਮਤਾਂ ਦੀ ਗੱਲ ਕਰਦਿਆਂ ਉਹ ਆਪਣੀਆਂ ਲਿਖਤਾਂ ਰਾਹੀਂ ਸੋਹਣਾ ਤੇ ਨਰੋਇਆ ਸਮਾਜ ਸਿਰਜਣ ਲਈ ਚਿੰਤਨ ਕਰਦੀ ਹੈ।ਉਸਦੀ ਰਚਨਾ ਕਿਧਰੇ ਵੀ ਕਿਸੇ ਤਰ੍ਹਾਂ ਦੇ ਵਾਦ ਪ੍ਰਤੀ ਉਲਾਰ ਨਹੀਂ ਜਾਪਦੀ ਪਰ ਕਿਤੇ ਕਿਤੇ ਥੋੜੀ ਬਹੁਤੀ ਨਾਬਰੀ ਦੀ ਝਲਕ ਜ਼ਰੂਰ ਪੈਂਦੀ ਹੈ ,ਇਹ ਹੋਣੀ ਵੀ ਚਾਹੀਦੀ ਹੈ ਕਿਉਂ ਕਿ ਲੇਖਕ ਲੋਕ ਜ਼ਿਹਨੀ ਤੌਰ ਤੇ ਚੇਤਨ ਹੁੰਦੇ ਨੇ ਉਹ ਹਰ ਉਸ ਗਲਤ ਪ੍ਰਥਾ ਪ੍ਰਤੀ ਆਪਣਾ ਵਿਰੋਧ ਤਾਂ ਦਰਜ ਕਰਾ ਹੀ ਦਿੰਦੇ ਹਨ ਜਿਸ ਨੂੰ ਉਹ ਸਵੀਕਾਰ ਨਾ ਕਰ ਸਕਦੇ ਹੋਣ।ਇਹੀ ਤਰਜ ਤੇ ਤਰਕ ਛਿੰਦਰ ਦੀਆਂ ਰਚਨਾਵਾਂ ਨੂੰ ਹੋਰ ਵੀ ਮੁੱਲਵਾਨ ਬਣਾ ਦਿੰਦਾ ਹੈ।




ਹੁਣ ਤੱਕ ਉਹ ਛੇ ਕਿਤਾਬਾਂ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ।ਜਿਹਨਾਂ ਵਿੱਚ 'ਖਿਆਲ ਉਡਾਰੀ' , 'ਇਹ ਸਦੀ ਵੀ ਤੇਰੇ ਨਾਉਂ' , 'ਭਰ ਜੋਬਨ ਬੰਦਗੀ' , 'ਯਾਰੜਿਆ ' ਚਾਰ ਪੰਜਾਬੀ ਕਾਵਿ-ਸੰਗ੍ਰਹਿ , 'ਤੁਮ ਤੋ ਪੁਰਸ਼ ਹੋ ਨਾ' ਇਕ ਹਿੰਦੀ ਕਾਵਿ-ਸੰਗ੍ਰਹਿ ਅਤੇ ਆਪਣੇ ਪਹਿਲੇ ਸਾਹਿਤਕ ਟੂਰ ਉਪਰੰਤ ਲਿਖਿਆ ਇਕ ਸਫ਼ਰਨਾਮਾ ' ਕੈਨੇਡਾ ਦੇ ਸੁਪਨਮਈ ਦਿਨ ' ਆਦਿ ਸ਼ਾਮਲ ਹਨ।

ਬਤੌਰ ਇਕ ਰੇਡੀਓ ਅਨਾਊਂਸਰ ਉਹ ਸਿਰਸਾ ਰੇਡੀਓ ਸਟੇਸ਼ਨ ਤੋਂ ਅਨੇਕਾਂ ਕਵੀਆਂ ,ਲੇਖਕਾਂ ਅਤੇ ਸਮਾਜ ਸੇਵੀ ਸ਼ਖਸੀਅਤਾਂ ਨੂੰ ਸਰੋਤਿਆਂ ਦੇ ਰੂ-ਬ-ਰੂ ਕਰ ਚੁੱਕੀ ਹੈ। ਜਿੱਥੇ ਉਹ ਦੂਜੇ ਲੇਖਕਾਂ ਨੂੰ ਪਾਠਕਾਂ ਤੇ ਸਰੋਤਿਆਂ ਦੇ ਰੂਬਰੂ ਕਰਦੀ ਹੈ ਉੱਥੇ ਉਹ ਖੁਦ ਵੀ ਸਮੇਂ ਸਮੇਂ ਦੇਸ਼ -ਵਿਦੇਸ਼ ਦੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਆਪਣੀ ਹਾਜ਼ਰੀ ਦਰਜ ਕਰਾ ਕੇ ਸਾਹਿਤ ਪ੍ਰੇਮੀਆਂ ਤੇ ਸਰੋਤਿਆਂ ਨਾਲ ਨਿਰੰਤਰ ਸਾਂਝ ਬਣਾਈ ਰੱਖਦੀ ਹੈ। ਸਾਹਿਤਕ ਮੈਗਜ਼ੀਨਾਂ ਤੇ ਉੱਚ ਮਿਆਰੀ ਅਖਬਾਰਾਂ ਦੇ ਅਦਬੀ ਅੰਕਾਂ ਵਿੱਚ ਅਕਸਰ ਉਸਦੀਆਂ ਰਚਨਾਵਾਂ ਸ਼ਾਇਆ ਹੁੰਦੀਆਂ ਰਹਿੰਦੀਆਂ ਹਨ। ਉਸਦੀਆਂ ਕਾਵਿ-ਕਿਰਤਾਂ ਤੇ ਸਮਾਜਿਕ ਗਤੀਵਿਧੀਆਂ ਬਦਲੇ ਅਨੇਕਾਂ ਸਾਹਿਤਕ ਤੇ ਸਮਾਜ ਸੇਵੀ ਸੰਸਥਾਵਾਂ ਨੇ ਉਸ ਨੂੰ ਰੱਜਵਾਂ ਮਾਣ ਸਨਮਾਨ ਦਿੱਤਾ ਹੈ ,ਫਿਰ ਵੀ ਉਹ ਕਹਿੰਦੀ ਹੈ ਕਿ "ਲੋਕਾਂ ਵੱਲੋਂ ਮੇਰੀਆਂ ਕਾਵਿ-ਕਿਰਤਾਂ ਨੂੰ ਜੋ ਭਰਵਾਂ ਹੁੰਗਾਰਾ ਮਿਲਦਾ ਹੈ, ਮੇਰੇ ਲਈ ਉਹ ਸਭ ਤੋਂ ਸਰਵੋਤਮ ਸਨਮਾਨ ਹੈ,ਜਿਹੜਾ ਮੇਰੀ ਰੂਹ ਨੂੰ ਵੀ ਸਕੂਨ ਦਿੰਦਾ ਹੈ"

ਜੇ ਛਿੰਦਰ ਦੇ ਨਿੱਜ ਤੇ ਝਾਤੀ ਮਾਰੀਏ ਤਾਂ ਜਿੱਥੇ ਉਹ ਇਕ ਨਾਮਵਰ ਕਵਿੱਤਰੀ ,ਵਾਰਤਾਕਾਰ ਅਤੇ ਉੱਘੀ ਰੇਡੀਓ ਅਨਾਊਂਸਰ ਹੈ ਉੱਥੇ ਉਹ ਇਕ ਵਧੀਆ ਮਿਲਣਸਾਰ, ਮਿੱਠਬੋਲੜੀ ਤੇ ਨਿਹਾਇਤ ਹੀ ਸਨਿਮਰ ਸ਼ਖਸੀਅਤ ਹੈ। ਪੇਕਿਆਂ ਤੋਂ ਜੇ ਉਸਦੀ ਦਾਦੀ ਵੱਲੋਂ ਉਸ ਨੂੰ ਸ਼ਬਦਾਂ ਦੀ ਗੁੜਤੀ ਮਿਲੀ ਹੈ, ਤਾਂ ਉਸ ਨੂੰ ਉੱਚੀ ਤੇ ਲੰਬੀ ਸਾਹਿਤਕ ਪਰਵਾਜ਼ ਲਈ ਮਜਬੂਤ ਖੰਭ ਬਖਸ਼ੇ ਨੇ ਉਸਦੇ ਜੀਵਨ ਸਾਥੀ 'ਮਾਸਟਰ ਕੁਲਵੰਤ ਸਿੰਘ ਹੁਰਾਂ ਨੇ'। ਅੱਜ ਕੱਲ੍ਹ ਉਹ ਆਪਣੇ ਛੋਟੇ ਜਿਹੇ ਖੁਸ਼ਹਾਲ ਪਰਿਵਾਰ ਵਿਚ ਬੇਟੇ ਮਨਮੀਤ ਸਿੰਘ ਕੈਨੇਡਾ, ਹਰਮੀਤ ਸਿੰਘ ਕੈਨੇਡਾ ਅਤੇ ਆਪਣੇ ਜੀਵਨ ਸਾਥੀ ਸਮੇਤ ਹਰਿਆਣਾ ਦੇ ਸ਼ਹਿਰ ਸਿਰਸਾ ਵਿਖੇ ਇਕ ਸੋਹਣੀ ਜ਼ਿੰਦਗੀ ਮਾਣ ਰਹੀ ਹੈ।

ਪੇਸ਼ ਹਨ ਉਸਦੀਆਂ ਕੁਝ ਰਚਨਾਵਾਂ:

1)
ਮੈਂ ਕਦੋਂ ਚਾਹਿਆ ਸੀ ਕਿ
ਮੈਨੂੰ ਮੁਹੱਬਤ ਕਰ
ਤੇ ਮੇਰੀਆਂ ਵੱਖੀਆਂ ’ਚੋਂ
ਨਿਕਲਦੇ ਹਾਸੇ ਫੂਕ ਧਰ
ਚੱਲ ਜੋ ਹੋਣਾ ਸੀ
ਸੋ ਹੋ ਗਿਆ
ਹੁਣ ਇਕ ਕੰਮ ਕਰ
ਅਗਲੇ ਜਨਮ
ਮੈਨੂੰ ਔਰਤ ਹੋ ਕੇ ਮਿਲਣ ਦਾ।

2)
ਤੂੰ ਫ਼ਿਕਰ ਨਾ ਕਰ
ਮਾਂ ਬੋਲੀ ਦਾ
ਬਸ ਪਿਆਰ ਕਰ
ਸਤਿਕਾਰ ਦੇਅ ਇਹਨੂੰ
ਸੁਕਰਾਤੋਂ ਸਿਆਣਿਆਂ !
ਤੈਨੂੰ ਤੇ ਪਤਾ ਏ
ਕਿ ਪਿਆਰ ਤੇ ਜੰਗ
ਮਾਤ ਭਾਸ਼ਾ ‘ਚ ਹੀ
ਸੁਖਾਲੇ ਹੁੰਦੇ ਨੇ
ਜੰਗ ਆਪਾਂ ਕਰਨੀ ਨਹੀਂ
ਪਿਆਰ ਕਰਨਾ ਆਪਾਂ ਭੁੱਲਣਾ ਨਹੀਂ
ਹਾਂ ਸੱਚ
ਮਾਂ ਬੋਲੀ ਜੇ ਭੁੱਲ ਗਈ
ਮੈਂ ਤੈਨੂੰ ਪਿਆਰ ਕਿਵੇਂ ਕਰਾਂਗੀ।

3)
ਜਿਸ ਦਿਨ ਦੇ ਪਰਿੰਦੇ ਉੱਡੇ
ਨੀ ਮੈਂ ਢਾਕਾਂ ਨਾਲ ਬੰਨ੍ਹ
ਲਈਆਂ ਟਾਹਣੀਆਂ...
..........
ਢਲਦੀ ਉਮਰ ਵਿੱਚ
ਚੜ੍ਹਦੀ ਜਵਾਨੀ ਦੇ ਪਰਛਾਵੇਂ
ਨਹੀਂ ਭੁੱਲਦੇ
ਜਵਾਨ ਹੋਏ ਪੁੱਤਰਾਂ ‘ਚੋਂ
ਆਪਣਾ ਅਕਸ ਨਜ਼ਰ ਆਉਂਦਾ ਹੈ....

ਅੰਤ ਵਿਚ ਮੈਂ ਕਾਮਨਾ ਕਰਦਾ ਹਾਂ ਕਿ ਛਿੰਦਰ ਕੌਰ ਸਿਰਸਾ ਆਪਣੇ ਸਾਹਿਤਕ ਸਫਰ ਨੂੰ ਮੁਸਲਸਲ ਜਾਰੀ ਰੱਖਦਿਆਂ ਆਪਣੇ ਯਥਾਯੋਗ ਯੋਗਦਾਨ ਰਾਹੀਂ ਸਾਹਿਤ ਦੇ ਖੇਤਰ ਨੂੰ ਹੋਰ ਵੀ ਅਮੀਰ ਬਣਾਉਣ ਲਈ ਅਹਿਮ ਭੂਮਿਕਾ ਨਿਭਾਉਂਦੀ ਰਹੇਗੀ। ਆਮੀਨ!



**ਅਮਰਜੀਤ ਸਿੰਘ ਜੀਤ**
9417287122

# ਆਈ. ਟੀ. ਏ. ਵਲੋਂ ਮੈਰਿਟ 'ਚ ਆਏ ਅੱਠਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਦਾ ਸਨਮਾਨ

## ● ਆਪਣੇ ਲਕਸ਼ ਦੀ ਪ੍ਰਾਪਤੀ ਲਈ ਸਖਤ ਮਿਹਨਤ ਕਰੋ-ਪ੍ਰਿੰਸੀਪਲ ਜੱਸਲ

## ● ਸਾਡਾ ਮਕਸਦ ਵਿਦਿਆਰਥੀਆਂ ਦਾ ਮਨੋਬਲ ਉੱਚਾ ਚੁੱਕਣਾ -ਸੁਨੇਤ




























**ਜਲੰਧਰ (ਪਰਮਜੀਤ ਜੱਸਲ)–** ਇੰਡੀਆ ਟ੍ਰਾਂਸਫਾਰਮੇਸ਼ਨ ਐਸੋਸੀਏਸ਼ਨ(ਈਟਾ)ਵਲੋਂ ਰਾਜਪੂਤ ਭਵਨ ,ਲੱਧੇਵਾਲੀ ਜਲੰਧਰ ਵਿਖੇ ਰਾਮਾ ਮੰਡੀ ਏਰੀਆ ਦੇ 20 ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਅੱਠਵੀਂ ਅਤੇ ਦਸਵੀਂ ਕਲਾਸ ਦੇ ਸੈਸ਼ਨ 2024-25 ਦੇ ਮੈਰਿਟ ਲਿਸਟ ਵਿੱਚ ਆਏ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਮਾਨਯੋਗ ਪ੍ਰਿੰਸੀਪਲ ਪਰਮਜੀਤ ਜੱਸਲ, ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ, ਜਲੰਧਰ ਸਨ। ਮੁੱਖ ਬੁਲਾਰੇ ਸ੍ਰੀ ਰਾਮ ਲੁਭਾਇਆ ਜੀ,(ਰਿਟਾ.) ਆਈ.ਡੀ. ਏ.ਐਸ. ਅਤੇ ਮਾਨਯੋਗ ਐਸ.ਕੇ. ਸੁਨੇਤ ਸਨ, ਜੋ ਉਪਰੋਤਕ ਸਭਾ ਦੇ ਪ੍ਰਧਾਨ ਹਨ। ਸਮਾਗਮ ਦੇ ਮੁੱਖ ਮਹਿਮਾਨ ਮਾਣਯੋਗ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਅੱਠਵੀਂ ਅਤੇ ਦਸਵੀਂ ਦੇ ਟੋਪਰ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਐਜੂਕੇਸ਼ਨ ਬਾਰੇ ਇੰਝ ਕਿਹਾ ਕਿ "ਸਿੱਖਿਆ ਸ਼ੇਰਨੀ ਦਾ ਉਹ ਦੁੱਧ ਹੈ, ਜੋ ਪੀਵੇਗਾ ਉਹੀ ਦਹਾੜੇਗਾ।" ਭਾਵ ਮਨੁੱਖ ਕੋਲ ਜਿੰਨੀ ਵੱਧ ਐਜੂਕੇਸ਼ਨ ਹੋਵੇਗੀ, ਉਤਨਾ ਹੀ ਉਹ ਸਮਾਜ, ਦੇਸ਼ ਅਤੇ ਕੌਮ ਵਿੱਚ ਵੱਧ ਤਰੱਕੀ ਕਰੇਗਾ। ਵਿਦਿਆਰਥੀਆਂ ਕੋਲ ਸਿੱਖਿਆ ਹੀ ਇੱਕ ਅਜਿਹਾ ਮਾਧਿਅਮ (ਹਥਿਆਰ) ਹੈ, ਜਿਸ ਰਾਹੀਂ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕਦਾ ਹੈ । ਚੰਗੀਆਂ ਕਿਤਾਬਾਂ ਪੜ੍ਹਨ ਨਾਲ ਮਨੁੱਖ ਦੀ ਜ਼ਿੰਦਗੀ ਬਦਲ ਜਾਂਦੀ ਹੈ ।ਉੱਚ ਸਿੱਖਿਆ ਤੇ ਮਿਆਰੀ ਸਿੱਖਿਆ ਗ੍ਰਹਿਣ ਕਰਕੇ ਵਿਦਿਆਰਥੀ ਆਪਣੇ ਟੀਚੇ ਨੂੰ ਹਾਸਲ ਕਰਦਾ ਹੈ ਤੇ ਉਹ ਉੱਚਾ ਰੁਤਬਾ ਪ੍ਰਾਪਤ ਕਰਕੇ ਆਪਣੇ ਮਾਪਿਆਂ, ਅਧਿਆਪਕਾਂ ਦਾ ਨਾਂ ਰੋਸ਼ਨ ਕਰਦਾ ਹੈ। ਵਿਦਿਆਰਥੀ ਆਪਣੇ ਲਕਸ਼ ਨੂੰ ਪੂਰਾ ਕਰਨ ਲਈ ਸਿੱਖਿਆ ਲਈ ਆਪਣਾ ਟਾਈਮ ਟੇਬਲ, ਅਨੁਸ਼ਾਸਨ, ਮਾਤਾ- ਪਿਤਾ ਅਤੇ ਅਧਿਆਪਕਾਂ ਦਾ ਸਤਿਕਾਰ ਕਰਨਾ, ਹੋਮ ਵਰਕ ਕਰਨਾ, ਹਰ ਰੋਜ਼ ਸਕੂਲ ਜਾਣਾ, ਪੜ੍ਹਾਈ ਮਨ ਲਗਾ ਕੇ ਕਰਨਾ, ਹਮੇਸ਼ਾ ਪੋਜ਼ੀਟਿਵ ਸੋਚ ਰੱਖਣਾ, ਸਵੇਰੇ ਜਲਦੀ ਉੱਠਣਾ, ਕਸਰਤ ਕਰਨਾ, ਸੈਰ ਕਰਨੀ,ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਕਹਿਣਾ ਮੰਨਣਾ, ਇਮਾਨਦਾਰੀ ਨਾਲ ਚੱਲਣਾ,ਯਾਰਾਂ ਦੋਸਤਾਂ ਨਾਲ ਪਿਆਰ ਭਾਵਨਾ ਨਾਲ ਰਹਿਣਾ, ਆਪਣਾ ਚਰਿੱਤਰ ਉੱਚਾ ਰੱਖਣਾ, ਨਸ਼ਿਆਂ ਤੋਂ ਦੂਰ ਰਹਿਣਾ, ਸਿਹਤ ਮੰਦ ਰਹਿਣਾ, ਆਲਸ ਛੱਡਣੀ, ਅੱਜ ਦਾ ਕੰਮ ਅੱਜ ਹੀ ਕਰਨਾ, ਪੰਚਸ਼ੀਲ 'ਤੇ ਚੱਲਣਾ, ਮੋਬਾਇਲ ਫੋਨ ਦੀ ਸਹੀ ਵਰਤੋਂ ਕਰਨੀ, ਲਗਨ ਨਾਲ ਪੜ੍ਹਾਈ ਕਰਨੀ, ਮਿੱਠਾ ਬੋਲਣਾ,ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨਾ, ਰੁੱਖ ਲਗਾਉਣਾ ਆਦਿ ਟਿਪਸ ਦਿੱਤੇ। ਪ੍ਰਿੰਸੀਪਲ ਨੇ ਇਹ ਵੀ ਕਿਹਾ ਕਿ ਪੜ੍ਹਾਈ ਦੇ ਨਾਲ- ਨਾਲ ਆਪਣੇ ਰਹਿਬਰਾਂ ਸਤਿਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ. ਅੰਬੇਡਕਰ ਜੀ, ਸਤਿਗੁਰੂ ਕਬੀਰ ਜੀ, ਮਹਾਤਮਾ ਜੋਤੀਬਾ ਫੂਲੇ ਜੀ, ਮਾਤਾ ਸਵਿੱਤਰੀ ਬਾਈ ਫੂਲੇ ਜੀ, ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਬਾਰੇ ਭਰਪੂਰ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਤਾਂ ਕਿ ਰਹਿਬਰਾਂ ਦੇ ਸੁਪਨਿਆਂ ਦਾ ਭਾਰਤ ਬਣ ਸਕੇ। ਇਸ ਮੌਕੇ 'ਤੇ ਮੁੱਖ ਬੁਲਾਰੇ ਸ਼੍ਰੀ ਰਾਮ ਲੁਭਾਇਆ ਜੀ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ, ਇਸ ਲਈ ਤੁਹਾਨੂੰ ਭਾਵੇਂ ਕਿਸੇ ਵੀ ਚੀਜ਼ ਦਾ ਤਿਆਗ ਕਰਨਾ ਪਵੇ ਜਾਂ ਵੱਧ ਕੰਮ ਕਰਨਾ ਪਵੇ। ਸੰਸਥਾ ਦੇ ਸੰਸਥਾਪਕ ਸ੍ਰੀ ਐਸ.ਕੇ. ਸੁਨੇਤ ਨੇ ਕਿਹਾ ਕਿ ਅਜਿਹਾ ਪਹਿਲਾ ਫੰਕਸ਼ਨ ਕਰਨ ਨਾਲ ਅਸੀਂ ਸਰਕਾਰੀ ਸਕੂਲਾਂ 'ਚ ਮੈਰਿਟ ਵਿੱਚ ਆਏ ਅੱਠਵੀਂ ਤੇ ਦਸਵੀਂ ਦੇ ਵਿਦਿਆਰਥੀਆਂ ਦਾ ਮਨੋਬਲ ਉੱਚਾ ਚੁੱਕਣਾ ਚਾਹੁੰਦੇ ਹਾਂ ਤਾਂ ਜੋ ਉਹ ਜ਼ਿੰਦਗੀ 'ਚ ਆਪਣੇ ਲਕਸ਼ ਦੀ ਪ੍ਰਾਪਤੀ ਲਈ ਹੋਰ ਅੱਗੇ ਵੱਧਣ ਲਈ ਪੜ੍ਹਾਈ ਮਨ ਲਗਾ ਕੇ ਕਰ ਸਕਣ।ਇਹਨਾਂ ਤੋਂ ਇਲਾਵਾ ਵਿਦਿਆਰਥਣਾਂ ਬੇਬੀ ਭਾਵਨਾ ਅਤੇ ਬੇਬੀ ਕਿਰਨ ਵੱਲੋਂ ਕਵਿਤਾਵਾਂ ਅਤੇ ਵਿਚਾਰ ਚਰਚਾ ਵਿੱਚ ਹਿੱਸਾ ਲਿਆ। ਹੋਰ ਕਈ ਬੁਲਾਰਿਆਂ ਕਰਨੈਲ ਸੰਤੋਖਪੁਰੀ, ਮਾਸਟਰ ਪ੍ਰਦੀਪ ਜੀ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੁੱਖ ਮਹਿਮਾਨ ਪ੍ਰਿੰਸੀਪਲ ਪਰਮਜੀਤ ਜੱਸਲ, ਮਾਨਯੋਗ ਰਾਮ ਲੁਭਾਇਆ ਜੀ ਅਤੇ ਮਾਨਯੋਗ ਸਤਵਿੰਦਰ ਸੁਨੇਤ ਆਦਿ ਵੱਲੋਂ ਮੈਰਿਟ ਵਿੱਚ ਆਏ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਉਨਾਂ ਨੂੰ ਪ੍ਰਸ਼ੰਸਾ ਸਰਟੀਫਿਕੇਟ ਅਤੇ ਮੋਮੈਂਟੋ ਦੇ ਕੇ ਨਿਵਾਜਿਆ ਗਿਆ। ਸੰਸਥਾ ਵੱਲੋਂ ਬੁੱਧੀਜੀਵੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਸਮਾਰੋਹ ਦੀ ਇਲਾਕੇ ਵਿੱਚ ਕਾਫੀ ਚਰਚਾ ਹੈ। ਇਸ ਸਮਾਗਮ ਵਿੱਚ ਗੁਰਦਿਆਲ ਚੰਦ ਜੱਸਲ ਆਬਾਦਪੁਰਾ, ਪਰਸ਼ੋਤਮ ਜੀ, ਓਮ ਪ੍ਰਕਾਸ਼ ਆਬਾਦਪੁਰਾ, ਸੀਨੀਅਰ ਬੋਧੀ ਆਗੂ ਹੁਸਨ ਲਾਲ ਬੌਧ, ਚੰਚਲ ਬੌਧ ਸਿਧਾਰਥ ਨਗਰ, ਰੋਹਿਤ ਭਾਟੀਆ ਪ੍ਰਧਾਨ ਹਮਸਫਰ ਯੂਥ ਕਲੱਬ, ਪ੍ਰੇਮ ਕੁਮਾਰ(ਸਟੇਜ ਦੀ ਭੂਮਿਕਾ ਨਿਭਾਉਣ ਵਾਲੇ) ਵਿਦਿਆਰਥੀਆਂ ਦੇ ਮਾਪੇ, ਰਿਸ਼ਤੇਦਾਰ , ਅਧਿਆਪਕ ਅਤੇ ਹੋਰ ਸੈਂਕੜਿਆਂ ਦੀ ਗਿਣਤੀ ਵਿੱਚ ਬੁੱਧੀਜੀਵੀ ਅਤੇ ਅਗਾਂਹਵਧੂ ਸੋਚ ਰੱਖਣ ਵਾਲੇ ਪਤਵੰਤੇ ਅਤੇ ਅੰਬੇਡਕਰੀ ਸਾਥੀ ਹਾਜ਼ਰ ਸਨ।

# ਇੰਡੀਆਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.) ਵੱਲੋਂ ਮੈਟਰੋਪੋਲਿਟਨ ਪੁਲਿਸ ਵਿੱਚ ਨਸਲਵਾਦ ਤੇ ਦੁਰਵਿਵਹਾਰ ਦੇ ਖੁਲਾਸਿਆਂ ਬਾਅਦ ਨਿਆਂ ਦੀ ਮੰਗ

## ‘ਹੁਣ ਬਸ ਬਹੁਤ ਹੋ ਗਿਆ’: ਇੰਡੀਆਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.) ਵੱਲੋਂ ਮੈਟਰੋਪੋਲਿਟਨ ਪੁਲਿਸ ਵਿੱਚ ਨਸਲਵਾਦ ਤੇ ਦੁਰਵਿਵਹਾਰ ਦੇ ਖੁਲਾਸਿਆਂ ਬਾਅਦ ਨਿਆਂ ਦੀ ਮੰਗ

**ਸਮਾਜ ਵੀਕਲੀ ਯੂ ਕੇ**

ਇੰਡੀਆਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਬੀਬੀਸੀ ਪੈਨੋਰਾਮਾ ਦੀ ਜਾਂਚ ਵੱਲੋਂ ਕੀਤੇ ਗਏ ਮੈਟਰੋਪੋਲਿਟਨ ਪੁਲਿਸ ਬਾਰੇ ਚੌਕਾਉਣ ਵਾਲੇ ਖੁਲਾਸਿਆਂ ‘ਤੇ ਆਪਣਾ ਗਹਿਰਾ ਰੋਸ ਅਤੇ ਸਭ ਤੋਂ ਕੜਾ ਵਿਰੋਧ ਜ਼ਾਹਰ ਕੀਤਾ ਹੈ।

ਹਾਲ ਹੀ ਦੀ ਬੀਬੀਸੀ ਪੈਨੋਰਾਮਾ ਗੁਪਤ ਜਾਂਚ ਨੇ ਬ੍ਰਿਟੇਨ ਦੀ ਸਭ ਤੋਂ ਵੱਡੀ ਪੁਲਿਸ ਫੋਰਸ ਮੈਟਰੋਪੋਲਿਟਨ ਪੁਲਿਸ ਵਿੱਚ ਨਸਲਵਾਦ, ਇਸਲਾਮੋਫੋਬੀਆ, ਔਰਤ ਵਿਰੋਧੀ ਰਵੱਈਏ ਅਤੇ ਸ਼ਕਤੀ ਦੇ ਦੁਰੁਪਯੋਗ ਦੇ ਹੈਰਾਨੀਜਨਕ ਸਬੂਤ ਸਾਹਮਣੇ ਲਿਆਂਦੇ ਹਨ।

ਗੁਪਤ ਕੈਮਰੇ ਦੀ ਫੁਟੇਜ ਵਿੱਚ ਅਧਿਕਾਰੀਆਂ ਨੂੰ ਬਲਾਤਕਾਰ ਪੀੜਤਾਂ ਦਾ ਮਜ਼ਾਕ ਉਡਾਉਂਦੇ, ਨਸਲਵਾਦੀ ਅਤੇ ਪਰਵਾਸੀ ਵਿਰੋਧੀ ਟਿੱਪਣੀਆਂ ਕਰਦੇ, ਅਤੇ ਹਿੰਸਕ ਕਾਰਵਾਈਆਂ ‘ਤੇ ਮਾਣ ਕਰਦੇ ਹੋਏ ਦਿਖਾਇਆ ਗਿਆ ਹੈ।

ਇਹ ਵੀਡੀਓ ਸਾਬਤ ਕਰਦੀ ਹੈ ਕਿ ਬ੍ਰਿਟਿਸ਼ ਪੁਲਿਸ ਅੰਦਰ ਇੱਕ ਜ਼ਹਿਰੀਲੀ ਸੰਸਕ੍ਰਿਤੀ ਮੌਜੂਦ ਹੈ, ਜਿੱਥੇ ਨਸਲਵਾਦ, ਔਰਤਾਂ ਖ਼ਿਲਾਫ਼ ਨਫ਼ਰਤ, ਇਸਲਾਮੋਫੋਬੀਆ ਅਤੇ ਅਧਿਕਾਰਾਂ ਦਾ ਦੁਰੁਪਯੋਗ ਪੂਰੀ ਤਰ੍ਹਾਂ ਵਿਆਪਕ ਹੈ।

ਇਹ ਖੁਲਾਸੇ ਉਸ ਗੱਲ ਦੀ ਪੁਸ਼ਟੀ ਕਰਦੇ ਹਨ ਜੋ ਨਸਲੀ ਤੇ ਧਾਰਮਿਕ ਘੱਟ ਗਿਣਤੀ ਸਮਾਜਾਂ ਨੇ ਲੰਬੇ ਸਮੇਂ ਤੋਂ ਕਹੀ ਹੈ — ਕਿ ਸਿਸਟਮ ਅੰਦਰ ਭੇਦਭਾਵ ਦੀ ਜੜ੍ਹ ਬਹੁਤ ਡੂੰਘੀ ਹੈ।

ਇੰਡੀਆਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ:

“ਇਹ ਖੁਲਾਸੇ ਬਹੁਤ ਡਰਾਉਣੇ ਹਨ — ਪਰ ਸਾਡੇ ਲਈ ਨਵੇਂ ਨਹੀਂ। ਪਿਛਲੇ ਕਈ ਦਹਾਕਿਆਂ ਤੋਂ, ਸਿੱਖ, ਮੁਸਲਿਮ, ਹਿੰਦੂ ਅਤੇ ਹੋਰ ਧਾਰਮਿਕ ਤੇ ਨਸਲੀ ਘੱਟ ਗਿਣਤੀ ਸਮੂਹਾਂ ਨੇ ਅਨਿਆਇ, ਬੇਇਜ਼ਤੀ ਅਤੇ ਦਬਾਉ ਦੇ ਵਿਰੁੱਧ ਆਪਣੀ ਆਵਾਜ਼ ਉਠਾਈ ਹੈ।

ਇਹ ਕੋਈ ਇਕੱਲੀ ਘਟਨਾ ਨਹੀਂ — ਇਹ ਇਕ ਸੰਸਥਾਗਤ ਨਾਕਾਮੀ ਹੈ। ਇਹ ਕਈ ਸਾਲਾਂ ਤੋਂ ਚੱਲਦਾ ਆ ਰਿਹਾ ਹੈ ਅਤੇ ਹੁਣ ਇਹ ਖਤਮ ਹੋਣਾ ਚਾਹੀਦਾ ਹੈ।

ਅਸੀਂ ਮੰਗ ਕਰਦੇ ਹਾਂ ਕਿ ਜਿਹੜੇ ਇਸ ਵਿਚ ਸ਼ਾਮਲ ਹਨ ਉਨ੍ਹਾਂ ਨੂੰ ਕਾਨੂੰਨ ਅਧੀਨ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਲਈ ਅਸਤੀਫ਼ਿਆਂ ਜਾਂ ਰਿਟਾਇਰਮੈਂਟ ਰਾਹੀਂ ਬਚਣ ਦਾ ਕੋਈ ਰਸਤਾ ਨਹੀਂ ਹੋਣਾ ਚਾਹੀਦਾ। ਨਿਆਂ ਪੂਰੀ ਤਰ੍ਹਾਂ ਹੋਣਾ ਤੇ ਦਿਖਾਈ ਦੇਣਾ ਚਾਹੀਦਾ ਹੈ।

ਸਾਡੇ ਸਮਾਜਾਂ ਦਾ ਦੁੱਖ ਹੁਣ ਖਤਮ ਹੋਣਾ ਚਾਹੀਦਾ ਹੈ। ਖਾਲੀ ਮਾਫ਼ੀਆਂ ਅਤੇ ਥੋੜ੍ਹੇ ਸਮੇਂ ਦੇ ਉਪਾਅ ਨਾਲ



Sital Singh Gill, General Secretary of the Indian Workers Association (Great Britain)

ਭਰੋਸਾ ਮੁੜ ਨਹੀਂ ਬਣ ਸਕਦਾ — ਸਿਰਫ਼ ਸੱਚਾਈ, ਜ਼ਿੰਮੇਵਾਰੀ ਅਤੇ ਸੁਧਾਰ ਹੀ ਹੱਲ ਹਨ।”

ਇੰਡੀਆਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.) ਦੀਆਂ ਮੰਗਾਂ ਹਨ:

ਮੈਟਰੋਪੋਲਿਟਨ ਪੁਲਿਸ ਦੀ ਸੰਸਕ੍ਰਿਤੀ, ਤਾਲੀਮ ਅਤੇ ਵਰਤਾਰਿਆਂ ਦੀ ਪੂਰੀ, ਸੁਤੰਤਰ ਤੇ ਪਾਰਦਰਸ਼ੀ ਜਾਂਚ ਕੀਤੀ ਜਾਵੇ।

ਜਿਹੜੇ ਅਧਿਕਾਰੀ ਨਸਲਵਾਦ, ਔਰਤ ਵਿਰੋਧੀ ਜਾਂ ਹਿੰਸਕ ਰਵੱਈਏ ਵਿਚ ਸ਼ਾਮਲ ਹਨ, ਉਨ੍ਹਾਂ ਨੂੰ ਤੁਰੰਤ ਬਰਖਾਸਤ ਕਰਕੇ ਕਾਨੂੰਨੀ ਸਜ਼ਾ ਦਿੱਤੀ ਜਾਵੇ।

ਇਕ ਸੁਤੰਤਰ ਵਿਰੋਧੀ ਨਸਲਵਾਦ ਅਤੇ ਨਿਗਰਾਨੀ ਅਥਾਰਟੀ ਬਣਾਈ ਜਾਵੇ ਜਿਸ ਕੋਲ ਅਸਲੀ ਕਾਰਵਾਈ ਦੇ ਅਧਿਕਾਰ ਹੋਣ।

ਉਨ੍ਹਾਂ ਸਾਰੇ ਪੁਰਾਣੇ ਮਾਮਲਿਆਂ ਦੀ ਸਮੀਖਿਆ ਕੀਤੀ ਜਾਵੇ ਜੋ ਇਨ੍ਹਾਂ ਅਧਿਕਾਰੀਆਂ ਵੱਲੋਂ ਹੱਲ ਕੀਤੇ ਗਏ ਸਨ, ਤਾਂ ਕਿ ਪੀੜਤਾਂ ਨੂੰ ਨਿਆਂ ਮਿਲ ਸਕੇ।

ਜਿਹੜੇ ਲੋਕ ਸਿਸਟਮ ਦੀ ਨਾਈਨਸਾਫ਼ੀ ਜਾਂ ਭੇਦਭਾਵ ਕਾਰਨ ਪੀੜਤ ਹੋਏ, ਉਨ੍ਹਾਂ ਨੂੰ ਆਧਿਕਾਰਕ ਮਾਫ਼ੀ ਤੇ ਮੁਆਵਜ਼ਾ ਦਿੱਤਾ ਜਾਵੇ।

ਅਸੋਸੀਏਸ਼ਨ ਸਾਰੇ ਪੀੜਤਾਂ ਅਤੇ ਪ੍ਰਭਾਵਿਤ ਲੋਕਾਂ ਦੇ ਨਾਲ ਖੜੀ ਹੈ — ਚਾਹੇ ਉਹ ਕਿਸੇ ਵੀ ਧਰਮ ਜਾਂ ਪਿਛੋਕੜ ਨਾਲ ਸੰਬੰਧਤ ਹੋਣ।

“ਸਿੱਖ, ਮੁਸਲਿਮ, ਹਿੰਦੂ ਅਤੇ ਹੋਰ ਘੱਟ ਗਿਣਤੀ ਸਮਾਜਾਂ ਵਜੋਂ ਅਸੀਂ ਇਹ ਪੀੜ੍ਹ ਸਦੀਆਂ ਤੋਂ ਸਹੀ ਹੈ। ਹੁਣ ਬਸ ਬਹੁਤ ਹੋ ਗਿਆ। ਅਸੀਂ ਕਹਿੰਦੇ ਹਾਂ — ਹੁਣ ਹੋਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਨਿਆਂ ਹੋਣਾ ਤੇ ਦਿਖਾਈ ਦੇਣਾ ਚਾਹੀਦਾ ਹੈ।”

**ਇੰਡੀਆਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ)**
**ਸੰਪਰਕ: IWAGB@hotmial.com**



# ਮੈਂਚੈਸਟਰ ਦੀ ਸਿਨਾਗੋਗ 'ਤੇ ਹਮਲਾ – ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵੱਲੋਂ ਤਿੱਖੀ ਨਿੰਦਾ

**ਸਮਾਜ ਵੀਕਲੀ ਯੂ ਕੇ**

ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਮੈਂਚੈਸਟਰ ਵਿੱਚ ਇੱਕ ਸਿਨਾਗੋਗ ਉੱਤੇ ਹੋਏ ਘਾਤਕ ਹਮਲੇ ਦੀ ਤਿੱਖੀ ਨਿੰਦਾ ਕੀਤੀ ਹੈ, ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਹਮਲਾਵਰ ਵੀ ਸ਼ਾਮਲ ਹੈ, ਅਤੇ ਕਈ ਹੋਰ ਜ਼ਖ਼ਮੀ ਹੋਏ ਹਨ।

ਇਹ ਹਮਲਾ ਯੋਮ ਕਿਪੂਰ ਦੇ ਦਿਨ ਹੋਇਆ — ਜੋ ਕਿ ਯਹੂਦੀ ਧਰਮ ਦਾ ਸਭ ਤੋਂ ਪਵਿੱਤਰ ਦਿਨ ਹੈ। ਹਮਲਾ ਹੀਟਨ ਪਾਰਕ ਹੀਬਰੂ ਕਾਂਗਰੀਗੇਸ਼ਨ ਸਿਨਾਗੋਗ ਵਿੱਚ ਹੋਇਆ, ਜਿੱਥੇ ਦਰਜਨਾਂ ਭਗਤ ਇਕੱਠੇ ਹੋਏ ਸਨ।

ਪੁਲਿਸ ਦੇ ਮੁਤਾਬਕ, 35 ਸਾਲਾਂ ਦਾ ਜਿਹਾਦ ਅਲ-ਸ਼ਾਮੀ, ਜੋ ਸੀਰੀਆਈ ਮੂਲ ਦਾ ਬ੍ਰਿਟਿਸ਼ ਨਾਗਰਿਕ ਸੀ, ਨੇ ਆਪਣੀ ਕਾਰ ਨਾਲ ਲੋਕਾਂ ਨੂੰ ਕੁਚਲ ਦਿੱਤਾ ਅਤੇ ਫਿਰ ਛੁਰੀ ਨਾਲ ਹਮਲਾ ਕੀਤਾ। ਹਮਲਾਵਰ ਨੂੰ ਪੁਲਿਸ ਨੇ ਮੌਕੇ ਤੇ ਗੋਲੀ ਮਾਰ ਕੇ ਢੇਰ ਕਰ ਦਿੱਤਾ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਇੱਕ ਭਗਤ ਪੁਲਿਸ ਦੀ ਗੋਲੀ ਨਾਲ ਅਣਜਾਣੇ ਵਿੱਚ ਮਾਰਿਆ ਗਿਆ।



ਦੋ ਭਗਤ — ਐਡਰੀਅਨ ਡਾਲਬੀ (53) ਅਤੇ ਮੈਲਵਿਨ ਕ੍ਰੈਵਿਟਜ਼ (66) — ਦੀ ਮੌਤ ਹੋ ਗਈ। ਤਿੰਨ ਹੋਰ ਗੰਭੀਰ ਜ਼ਖ਼ਮੀ ਹਨ। ਪੁਲਿਸ ਨੇ ਤਿੰਨ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਮਾਮਲੇ ਦੀ ਜਾਂਚ ਘ੍ਰਿਣਾ-ਪ੍ਰੇਰਿਤ ਹਮਲੇ ਵਜੋਂ ਕਰ ਰਹੀ ਹੈ।

"ਇੱਕ ਧਰਮ 'ਤੇ ਹਮਲਾ, ਸਾਰੀ ਮਨੁੱਖਤਾ 'ਤੇ ਹਮਲਾ ਹੈ"

ਸ਼ਿਟਓਲ ਸ਼ਿਨਗਹ ਘਿਲਲ, General Secretary of the Inidan Workers Assoicaiton (Great Birtian)

ਸੀਤਲ ਸਿੰਘ ਗਿੱਲ, ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ, ਨੇ ਕਿਹਾ ਕਿ ਇਹ ਹਮਲਾ ਮਨੁੱਖਤਾ ਨੂੰ ਸ਼ਰਮਿੰਦਾ ਕਰਨ ਵਾਲਾ ਹੈ।

"ਅਸੀਂ ਇਸ ਬੇਰਹਿਮ ਹਮਲੇ ਦੀ ਤਿੱਖੀ ਨਿੰਦਾ ਕਰਦੇ ਹਾਂ," ਸੀਤਲ ਸਿੰਘ ਗਿੱਲ ਨੇ ਕਿਹਾ। "ਯੋਮ ਕਿਪੂਰ — ਜੋ ਸ਼ਾਂਤੀ ਅਤੇ ਮਾਫ਼ੀ ਦਾ ਦਿਨ ਹੈ — ਉਸ ਦਿਨ ਭਗਤਾਂ ਉੱਤੇ ਹਮਲਾ ਕਰਨਾ ਨਫ਼ਰਤ ਦੀ ਸਾਫ਼ ਨਿਸ਼ਾਨੀ ਹੈ।"

ਉਹਨਾਂ ਕਿਹਾ ਕਿ ਇੰਡਿਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਯਹੂਦੀ ਭਾਈਚਾਰੇ ਨਾਲ ਪੂਰੀ ਇਕਜੁਟਤਾ ਵਿੱਚ ਖੜ੍ਹੀ ਹੈ। "ਕੋਈ ਵੀ ਮਨੁੱਖ ਆਪਣੇ ਧਰਮ ਜਾਂ ਪਹਿਚਾਣ ਕਰਕੇ ਨਿਸ਼ਾਨਾ ਨਹੀਂ ਬਣਨਾ ਚਾਹੀਦਾ," ਉਹਨਾਂ ਕਿਹਾ। "ਅਸੀਂ ਆਪਣੇ ਯਹੂਦੀ ਭਰਾਵਾਂ ਨਾਲ ਖੜ੍ਹੇ ਹਾਂ ਅਤੇ ਪੀੜਤ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ।" "ਇੱਕ ਧਰਮ 'ਤੇ ਹਮਲਾ, ਸਾਰੀ ਮਨੁੱਖਤਾ 'ਤੇ ਹਮਲਾ ਹੈ। ਅਸੀਂ ਸਾਰੇ ਧਰਮਾਂ — ਸਿੱਖ, ਹਿੰਦੂ, ਮੁਸਲਮਾਨ, ਕਰਿਸ਼ਚਨ ਅਤੇ ਯਹੂਦੀ — ਨੂੰ ਅਪੀਲ ਕਰਦੇ ਹਾਂ ਕਿ ਨਫ਼ਰਤ ਦਾ ਵਿਰੋਧ ਕਰੋ। ਸਾਡੀ ਇਕਤਾ ਹੀ ਸਾਡੀ ਤਾਕਤ ਹੈ।" ਐਸੋਸੀਏਸ਼ਨ ਨੇ ਸਰਕਾਰ ਅਤੇ ਪੁਲਿਸ ਨੂੰ ਅਪੀਲ ਕੀਤੀ ਹੈ ਕਿ ਉਹ ਸਾਰੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਵਧਾਉਣ, ਅਤੇ ਘ੍ਰਿਣਾ, ਅੰਧਵਿਸ਼ਵਾਸ ਤੇ ਉਗਰਵਾਦ ਦੇ ਖ਼ਿਲਾਫ਼ ਕੜੇ ਕਦਮ ਚੁੱਕਣ।



Sital Singh Gill, General Secretary of the Indian Workers Association (Great Britain)

## ਪਰਵਾਜ਼

ਪੁਰਾਤਨ ਪੰਜਾਬ, ਪੁਰਾਤਨ ਪੰਜਾਬ ਦੀ ਰਾਜਧਾਨੀ ਲਾਹੌਰ, ਰਾਜਧਾਨੀ ਦੇ ਨਾਮ ਨਾਲ ਪ੍ਰਚਲਿਤ ਮੁਹਾਵਰਾ ਹੈ 'ਲਾਹੌਰ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'। ਅਸਲ ਵਿੱਚ ਇਹ ਸਮੂਹ ਪੰਜਾਬੀਆਂ ਲਈ ਵਰਤਿਆ ਗਿਆ ਚੜ੍ਹਦੀ ਕਲਾ ਦਾ ਬੋਲ ਹੈ। ਪੰਜਾਬੀਆਂ ਲਈ ਇਹ ਵੀ ਕਿਹਾ ਜਾ ਸਕਦਾ 'ਭੰਡਾ ਭੰਡਾਰੀਆ ਕਿੰਨਾਂ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ'। ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਬਹੁਤ ਉਥਲ-ਪੁਥਲ ਵਿੱਚੋਂ ਨਿੱਕਲਿਆ ਹੈ ਪੰਜਾਬ। ਇਸੇ ਲੜੀ ਵਿੱਚ ਇਸ ਵਾਰ ਹੜ੍ਹ ਸਾਡੇ ਪੰਜਾਬੀਆਂ ਦੇ ਸ਼ਰੀਕ ਬਣ ਕੇ ਉੱਭਰੇ ਸਨ। ਇਹਨਾਂ ਨਾਲ ਕਈ ਬੰਦੇ ਆਪਣੀਆਂ ਕੀਮਤੀ ਜਾਨਾਂ ਗਵਾ ਗਏ, ਪਾਲਤੂ ਜਾਨਵਰ ਮਾਰੇ ਗਏ, ਕਈ ਜਾਨਵਰ ਹੜ੍ਹਾਂ ਦੇ ਪਾਣੀ ਵਿੱਚ ਹੜ੍ਹ ਗਏ। ਜ਼ਿੰਦਗੀ ਵਿੱਚ ਆਮ ਇਨਸਾਨ ਮਸਾਂ ਇੱਕ ਘਰ ਬਣਾਉਂਦਾ ਹੈ ਪਰ ਵੇਖਦਿਆਂ-ਵੇਖਦਿਆਂ ਢਹਿ ਗਏ, ਤਿੰਨ ਲੱਖ ਏਕੜ ਤੋਂ ਵੱਧ ਫਸਲ ਬਰਬਾਦ ਹੋ ਗਈ ਹੈ ਅਤੇ ਹੋਰ ਵੀ ਮਾਲੀ ਨੁਕਸਾਨ ਹੋਇਆ। ਜਿਸ ਜ਼ਗ੍ਹਾ ਤੋਂ ਦਰਿਆਵਾਂ ਦੇ ਬੰਨ੍ਹ ਟੁੱਟੇ ਸਨ, ਨੇੜਲੇ ਇਲਾਕੇ ਦੇ ਲੋਕਾਂ ਵੱਲੋਂ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਸੀ ਪਰ ਹੜ੍ਹ ਦਾ ਪਾਣੀ ਬਹੁਤੀ ਦੇਰ ਠੱਲ ਨਾ ਹੋਇਆ। 'ਜੋ ਤਨ ਲਾਗੇ ਸੋ ਤਨ ਜਾਨੇ, ਕੋਈ ਨਾ ਜਾਨੇ ਪੀਰ ਪਰਾਈ'। ਪਰ ਮੈਨੂੰ ਲੱਗ ਰਿਹੈ ਇਹ ਪੰਜਾਬੀਆਂ ਦੀ ਫਿਤਰਤ ਦੀ ਪੇਸ਼ਕਾਰੀ ਨਹੀਂ ਕਰ ਰਿਹੈ।ਪ੍ਰਭਾਵਿਤ ਲੋਕਾਂ ਦੇ ਸਿਰੜ ਤੇ ਚੜ੍ਹਦੀ ਕਲਾ ਨੂੰ ਨਮਨ ਹੈ। ਦੂਸਰੇ ਪਾਸੇ ਸਾਰੇ ਪੰਜਾਬ ਵਿੱਚੋਂ ਨੌਜਵਾਨ ਹਰ ਪ੍ਰਕਾਰ ਦੀ ਸਹਾਇਤਾ ਤੇ ਜ਼ਰੂਰਤ ਦੀਆਂ ਚੀਜਾਂ ਖਾਸ ਕਰ ਕੇ ਲਵੇਰਿਆਂ ਲਈ ਚਾਰਾ, ਆਚਾਰ ਤੇ ਤੂੜੀ ਲੈ ਕੇ ਪਹੁੰਚਦੇ ਰਹੇ ਹਨ। ਪੰਜਾਬ ਦੇ ਨਾਮੀ ਕਲਾਕਾਰ, ਉਦਯੋਗਪਤੀ, ਵਿਦੇਸ਼ਾਂ ਵਿੱਚ ਵਸ ਰਹੇ ਪੰਜਾਬੀ ਆਪਣੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਮਦਦ ਦੇ ਹੱਥ ਹੁਣ ਵੀ ਵਧਾਈ ਜਾ ਰਹੇ ਹਨ, ਦਿਲੀ ਸ਼ਲਾਘਾ ਤੇ ਧੰਨਵਾਦ ਹੈ। ਟਰੈਕਟਰ-ਟਰਾਲੀਆਂ ਅਤੇ ਹੋਰ ਸਾਧਨਾਂ ਦੀਆਂ ਵਹੀਰਾਂ ਹੜ੍ਹਾਂ ਕਾਰਨ ਖ਼ਰਾਬ ਹੋਈਆਂ ਜ਼ਮੀਨਾਂ ਨੂੰ ਸਮਤਲ ਤੇ ਮੁੜ ਵਾਹੀਯੋਗ ਕਰਨ ਲਈ ਜੁਟ ਗਏ ਹਨ। ਕੁਝ ਖੇਤਰਾਂ ਜਾਂ ਵਸਿੰਦਿਆਂ ਤੱਕ ਇਹ ਸਹਾਇਤਾ ਪਹੁੰਚਣ ਤੱਕ ਹੋ ਸਕਦਾ ਹੈ ਕਿ ਅਜੇ ਸਮਾਂ ਘੱਟ-ਵੱਧ ਲੱਗ ਜਾਵੇ ਪਰ ਵੇਖਦਿਆਂ-ਵੇਖਦਿਆਂ ਨਵੀਂ ਪਰਵਾਜ਼ ਲਈ ਪੰਜਾਬ ਮੁੜ ਉੱਭਰ ਆਵੇਗਾ ਤੇ ਹੋ ਸਕਦਾ ਹੈ ਫੇਰ ਕਿਸੇ ਦੀਆਂ ਅੱਖਾਂ ਵਿੱਚ ਰੜਕਣ ਲਈ ਵੀ।

ਤੂ ਸ਼ਾਹੀਨ ਹੈ ਪਰਵਾਜ਼ ਹੈ ਕਾਮ ਤੇਰਾ, ਤੇਰੇ ਸਾਮਨੇ ਆਸਮਾਂ ਔਰ ਭੀ ਹੈਂ।

ਇਸੀ ਰੋਜ-ਓ-ਸ਼ਬ ਮੇਂ ਉਲਝਕਰ ਨਾ ਰਹਿ ਜਾ, ਕਿ ਤੇਰੇ ਜ਼ਮੀਨ-ਓ-ਮਕਾਂ ਔਰ ਭੀ ਹੈਂ।

ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ. ਅਭੀ ਇਸ਼ਕ ਕੇ ਇਮਤਹਾਂ ਔਰ ਭੀ ਹੈਂ।

ਗਏ ਦਿਨ ਕਿ ਤਨਹਾ ਥਾ ਮੈਂ ਅੰਜੁਮਨ ਮੇਂ, ਯਹਾਂ ਅਬ ਮੇਰੇ ਰਾਜਦਾਰ ਔਰ ਭੀ ਹੈਂ।

**(ਅਲਾਮਾ ਇਕਬਾਲ)**

**ਪਰਮਾਤਮਾ ਮਿਹਰ ਰੱਖੇ।**

**(ਮਨਜੀਤ ਸਿੰਘ ਬੱਧਣ 9417635053**




Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com